World Punjabi News Network
WORLD PUNJABI NEWS
ਪੰਜਾਬੀ | ਪੰਜਾਬੀ
ਲੋਕ ਹਿੱਤ ਵਿੱਚ ਪੱਤਰਕਾਰੀ

@worldpunjabinews
@worldpunjabinewstv
@wpunjabinews
@worldpunjabinews
@worldpunjabinews



# ਭਾਰਤੀ ਮਹਿਲਾ ਹਾਕੀ ਟੀਮ ਨੇ ਰਚਿਆ ਇਤਿਹਾਸ, ਆਸਟ੍ਰੇਲੀਆ ਨੂੰ 1-0 ਨਾਲ ਹਰਾ ਸੈਮੀਫਾਈਨਲ 'ਚ ਬਣਾਈ ਥਾਂ



ਟੋਕਿਓ। ਭਾਰਤੀ ਮਹਿਲਾ ਹਾਕੀ ਟੀਮ ਨੇ ਟੋਕਿਓ ਓਲੰਪਿਕ ਵਿੱਚ ਇਤਿਹਾਸ ਰਚ ਦਿੱਤਾ ਹੈ। ਮਹਿਲਾ ਹਾਕੀ ਟੀਮ ਨੇ ਪਹਿਲੀ ਵਾਰ ਸੈਮੀਫਾਈਨਲ ਵਿੱਚ ਜਗ੍ਹਾ ਬਣਾਈ ਹੈ। ਭਾਰਤ ਨੇ ਕੁਆਰਟਰ ਫਾਈਨਲ ਵਿੱਚ ਆਸਟ੍ਰੇਲੀਆ ਨੂੰ 1-0 ਨਾਲ ਹਰਾਇਆ। ਮਹਿਲਾ ਟੀਮ ਸਿਰਫ ਤੀਜੀ ਵਾਰ ਓਲੰਪਿਕ ਵਿੱਚ ਪ੍ਰਵੇਸ਼ ਕਰ ਰਹੀ ਹੈ। ਇਸ ਤੋਂ ਪਹਿਲਾਂ ਰੀਓ ਓਲੰਪਿਕ ਵਿੱਚ 2016 ਵਿੱਚ ਮਹਿਲਾ ਹਾਕੀ ਟੀਮ ਨੇ 12ਵਾਂ ਸਥਾਨ ਹਾਸਿਲ ਕੀਤਾ ਸੀ। ਇਸ ਤੋਂ ਇਲਾਵਾ 1980 ਵਿੱਚ ਟੀਮ ਚੌਥੇ ਨੰਬਰ 'ਤੇ ਰਹੀ ਸੀ । ਹਾਲਾਂਕਿ ਉਸ ਸਮੇਂ ਕੋਈ ਸੈਮੀਫਾਈਨਲ ਮੈਚ ਨਹੀਂ ਸਨ। ਸਿਖਰ -3 ਟੀਮਾਂ ਦਾ ਫੈਸਲਾ ਪੂਲ ਮੈਚਾਂ ਦੇ ਪ੍ਰਦਰਸ਼ਨ ਦੇ ਅਧਾਰ 'ਤੇ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਬੀਤੇ ਦਿਨ ਭਾਰਤੀ ਪੁਰਸ਼ ਹਾਕੀ ਟੀਮ ਨੇ ਵੀ ਸੈਮੀਫਾਈਨਲ ਵਿੱਚ ਪਹੁੰਚ ਕੇ ਮੈਡਲ ਦੀ ਉਮੀਦ ਨੂੰ ਕਾਇਮ ਰੱਖਿਆ ਹੈ। ਇਹ ਵੀ ਪੜ੍ਹੋ: ਕੈਪਟਨ ਅਮਰਿੰਦਰ ਸਿੰਘ ਨੇ ਟੋਕਿਓ ਓਲੰਪਿਕ ਦੇ ਸੈਮੀਫਾਈਨਲ 'ਚ ਪਹੁੰਚਣ 'ਤੇ ਭਾਰਤੀ ਹਾਕੀ ਟੀਮ ਨੂੰ ਦਿੱਤੀ ਵਧਾਈ

ਦਰਅਸਲ, ਇਸ ਮੈਚ ਵਿੱਚ ਭਾਰਤੀ ਮਹਿਲਾ ਟੀਮ ਨੇ ਚੰਗੀ ਸ਼ੁਰੂਆਤ ਕੀਤੀ। ਹਾਲਾਂਕਿ, ਭਾਰਤ ਅਤੇ ਆਸਟ੍ਰੇਲੀਆ ਦੋਵੇਂ ਪਹਿਲੇ ਕੁਆਰਟਰ ਵਿੱਚ ਗੋਲ ਨਹੀਂ ਕਰ ਸਕੇ। ਪਰ ਭਾਰਤੀ ਟੀਮ ਵੱਲੋਂ ਗੁਰਜੀਤ ਕੌਰ ਨੇ 22ਵੇਂ ਮਿੰਟ ਵਿੱਚ ਪੈਨਲਟੀ ਕਾਰਨਰ 'ਤੇ ਗੋਲ ਕਰਕੇ ਭਾਰਤ ਨੂੰ 1-0 ਦੀ ਬੜ੍ਹਤ ਦਿਵਾਈ। ਅੱਧੇ ਸਮੇਂ ਤੱਕ ਸਕੋਰ ਬਰਾਬਰ ਰਿਹਾ ।ਤੀਜੇ ਕੁਆਰਟਰ ਵਿੱਚ ਵੀ ਕੋਈ ਗੋਲ ਨਹੀਂ ਹੋਇਆ ਅਤੇ ਭਾਰਤੀ ਟੀਮ 1-0 ਨਾਲ ਅੱਗੇ ਸੀ । ਚੌਥੇ ਕੁਆਰਟਰ ਵਿੱਚ ਆਸਟ੍ਰੇਲੀਆ ਦੀ ਟੀਮ ਨੇ ਜ਼ੋਰਦਾਰ ਹਮਲਾ ਕੀਤਾ ਅਤੇ ਲਗਾਤਾਰ ਦੋ ਕਾਰਨਰ ਵੀ ਹਾਸਿਲ ਕੀਤੇ । ਆਸਟ੍ਰੇਲੀਆ ਦੀ ਟੀਮ ਨੂੰ ਇਸ ਮੈਚ ਵਿੱਚ ਕੁੱਲ 9 ਪੈਨਲਟੀ ਕਾਰਨਰ ਮਿਲੇ, ਪਰ ਉਹ ਇਸ 'ਤੇ ਗੋਲ ਨਹੀਂ ਕਰ ਸਕੀ। ਭਾਰਤੀ ਟੀਮ ਨੂੰ ਸਿਰਫ ਇੱਕ ਹੀ ਕਾਰਨਰ ਮਿਲਿਆ ਅਤੇ ਉਸਨੇ ਇਸ 'ਤੇ ਇੱਕ ਗੋਲ ਕੀਤਾ ਅਤੇ ਜਿੱਤ ਪੱਕੀ ਕੀਤੀ।

ਦੱਸ ਦੇਈਏ ਕਿ ਭਾਰਤੀ ਮਹਿਲਾ ਟੀਮ ਹਾਲਾਂਕਿ ਟੋਕਿਓ ਵਿੱਚ ਚੰਗੀ ਸ਼ੁਰੂਆਤ ਨਹੀਂ ਕਰ ਸਕੀ ਸੀ । ਟੀਮ ਨੂੰ ਪਹਿਲੇ ਤਿੰਨ ਮੈਚਾਂ ਵਿੱਚ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਅਜਿਹੇ ਵਿੱਚ ਅਜਿਹਾ ਲੱਗ ਰਿਹਾ ਸੀ ਕਿ ਟੀਮ ਟੂਰਨਾਮੈਂਟ ਤੋਂ ਬਾਹਰ ਹੋ ਜਾਵੇਗੀ। ਪਰ ਇਸ ਤੋਂ ਬਾਅਦ ਟੀਮ ਨੇ ਇਸ ਟੂਰਨਾਮੈਂਟ ਵਿੱਚ ਜ਼ੋਰਦਾਰ ਵਾਪਸੀ ਕੀਤੀ ।

## ਭਵਿੱਖ ਵਿੱਚ ਪੂਰਾ ਮੁਲਕ 'ਖੇਲਾ' ਦੇਖੇਗਾ: ਮਮਤਾ

**ਕੋਲਕਾਤਾ।** ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਅੱਜ ਕਿਹਾ ਹੈ ਕਿ ਟੀਐੱਮਸੀ ਦਾ ਚੋਣ ਨਾਅਰਾ 'ਖੇਲਾ ਹੋਬੇ' ਲੋਕਾਂ 'ਚ ਬਹੁਤ ਜ਼ਿਆਦਾ ਮਸ਼ਹੂਰ ਹੋ ਗਿਆ ਹੈ ਅਤੇ ਪੂਰਾ ਮੁਲਕ ਛੇਤੀ ਹੀ 'ਖੇਲਾ' ਦੇਖੇਗਾ। ਉਨ੍ਹਾਂ ਕਿਹਾ ਕਿ 'ਖੇਲਾ' ਬਿਨਾਂ ਕੋਈ ਜ਼ਿੰਦਗੀ ਨਹੀਂ ਹੈ। ਉਨ੍ਹਾਂ ਦਾ ਸਿੱਧਾ ਇਸ਼ਾਰਾ 2024 ਦੀਆਂ ਲੋਕ ਸਭਾ ਚੋਣਾਂ ਵੱਲ ਸੀ। ਟੀਐੱਮਸੀ ਸੁਪਰੀਮੋ ਨੇ ਇਹ ਵੀ ਕਿਹਾ ਕਿ ਮੁਲਕ ਨੂੰ ਰਾਹ ਦਿਖਾਉਣ ਲਈ ਪੱਛਮੀ ਬੰਗਾਲ ਨੂੰ ਮਾਣ ਹੈ। 'ਤੁਸੀਂ ਸਹਿਮਤ ਹੋਵੋ ਜਾਂ ਨਾ ਪਰ ਇਹ ਹਕੀਕਤ ਹੈ ਕਿ ਖੇਲਾ ਹੋਬੇ ਨਾਅਰਾ ਦੇਸ਼ 'ਚ ਬਹੁਤ ਜ਼ਿਆਦਾ ਮਸ਼ਹੂਰ ਹੋ ਗਿਆ ਹੈ। ਸੰਸਦ ਅਤੇ ਯੂਪੀ ਤੇ ਰਾਜਸਥਾਨ ਵਰਗੇ ਕਈ ਸੂਬਿਆਂ 'ਚ ਇਹ ਨਾਅਰਾ ਲੱਗਿਆ ਹੈ।' ਮਮਤਾ ਨੇ 'ਖੇਲਾ ਹੋਬੇ' ਯੋਜਨਾ ਦਾ ਉਦਘਾਟਨ ਕਰਨ ਮਗਰੋਂ ਇਹ ਗੱਲ ਆਖੀ। ਇਸ ਯੋਜਨਾ ਤਹਿਤ ਖੇਡ ਕਲੱਬਾਂ ਨੂੰ ਫੁੱਟਬਾਲ ਵੰਡੇ ਜਾਣਗੇ। ਉਨ੍ਹਾਂ ਕਿਹਾ ਕਿ ਅਜੇ ਤਾਂ ਸੰਖੇਪ ਖੇਡ ਸ਼ੁਰੂ ਹੋਈ ਹੈ ਅਤੇ ਹੋਰ ਖੇਡ ਅਜੇ ਬਾਕੀ ਹੈ।



ਮਮਤਾ ਬੈਨਰਜੀ ਸਰਕਾਰ ਨੇ 1980 'ਚ ਮੈਚ ਦੌਰਾਨ ਭਗਦੜ 'ਚ ਮਾਰੇ ਗਏ 16 ਫੁੱਟਬਾਲ ਪ੍ਰਸ਼ੰਸਕਾਂ ਦੀ ਯਾਦ 'ਚ 16 ਅਗਸਤ ਨੂੰ 'ਖੇਲਾ ਹੋਬੇ ਦਿਵਸ' ਮਨਾਉਣ ਦਾ ਫ਼ੈਸਲਾ ਲਿਆ ਹੈ। ਇੰਡੀਅਨ ਫੁੱਟਬਾਲ ਐਸੋਸੀਏਸ਼ਨ ਨਾਲ ਜੁੜੇ 303 ਕਲੱਬਾਂ ਨੂੰ 10-10 ਫੁੱਟਬਾਲ ਵੰਡਦਿਆਂ ਮਮਤਾ ਨੇ ਕਿਹਾ ਕਿ ਪਿੰਡਾਂ 'ਚ ਖਿਡਾਰੀਆਂ ਅਤੇ ਕੋਚਾਂ ਨੂੰ ਇਕ ਲੱਖ ਤੋਂ ਜ਼ਿਆਦਾ ਹੋਰ ਫੁੱਟਬਾਲ ਵੰਡੇ ਜਾਣਗੇ। ਉਨ੍ਹਾਂ ਦੀ ਸਰਕਾਰ ਵੱਲੋਂ ਸੂਬੇ 'ਚ 25 ਹਜ਼ਾਰ ਕਲੱਬਾਂ ਨੂੰ ਪੰਜ-ਪੰਜ ਲੱਖ ਰੁਪਏ ਦੀ ਵਿੱਤੀ ਸਹਾਇਤਾ ਵੀ ਦਿੱਤੀ ਜਾ ਰਹੀ ਹੈ ਅਤੇ 'ਖੇਲਾ ਹੋਬੇ ਦਿਵਸ' ਮਨਾਉਣ ਸਮੇਂ ਮੈਚ ਕਰਾਉਣ 'ਤੇ ਵਾਧੂ 15 ਹਜ਼ਾਰ ਰੁਪਏ ਦਿੱਤੇ ਜਾਣਗੇ।

## ਰਾਮੂਵਾਲੀਆ ਦੀ ਧੀ ਅਮਨਜੋਤ ਭਾਜਪਾ 'ਚ ਸ਼ਾਮਲ

### ਅਕਾਲੀ ਦਲ ਦੇ ਕਈ ਹੋਰ ਸਾਬਕਾ ਆਗੂਆਂ ਨੇ ਵੀ ਫੜਿਆ ਭਾਜਪਾ ਦਾ ਪੱਲਾ

**ਨਵੀਂ ਦਿੱਲੀ।** ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਸਾਬਕਾ ਆਗੂ ਅਮਨਜੋਤ ਕੌਰ ਰਾਮੂਵਾਲੀਆ ਸਮੇਤ ਪਾਰਟੀ ਦੇ ਹੋਰ ਸਾਬਕਾ ਆਗੂ ਅੱਜ ਦਿੱਲੀ 'ਚ ਇੱਕ ਸਮਾਗਮ ਦੌਰਾਨ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ। ਪੰਜਾਬ 'ਚ ਹੋਣ ਵਾਲੀਆਂ 2022 ਦੀਆਂ ਵਿਧਾਨ ਸਭਾ ਚੋਣਾਂ ਲਈ ਭਾਜਪਾ ਸਿੱਖ ਤੇ ਹੋਰ ਵਰਗਾਂ ਦੇ ਚਿਹਰੇ ਪਾਰਟੀ 'ਚ ਸ਼ਾਮਲ ਕਰਕੇ ਆਪਣੀ ਤਿਆਰੀ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਸਾਬਕਾ ਕੇਂਦਰੀ ਮੰਤਰੀ ਤੇ ਹੁਣ ਉੱਤਰ ਪ੍ਰਦੇਸ਼ ਦੇ ਸਮਾਜਵਾਦੀ ਪਾਰਟੀ ਦੇ ਐੱਮਐੱਲਸੀ ਬਲਵੰਤ ਸਿੰਘ ਰਾਮੂਵਾਲੀਆ ਦੀ ਧੀ ਅਮਨਜੋਤ ਕੌਰ ਭੁੱਲਰ ਅਕਾਲੀ ਦਲ ਦੀ ਮਹਿਲਾ ਵਿੰਗ ਦੀ ਮੈਂਬਰ ਵੀ ਰਹੀ ਹੈ ਤੇ ਉਨ੍ਹਾਂ ਦੇ ਭਾਜਪਾ ਵਿੱਚ ਜਾਣ ਦਾ ਕਦਮ ਹੈਰਾਨ ਕਰਨ ਵਾਲਾ ਮੰਨਿਆ ਜਾ ਰਿਹਾ ਹੈ। ਅਮਨਜੋਤ ਕੌਰ ਤੋਂ ਇਲਾਵਾ ਅਕਾਲੀ ਦਲ ਦੇ ਸਾਬਕਾ ਆਗੂ ਗੁਰਪ੍ਰੀਤ ਸਿੰਘ ਸ਼ਾਹਪੁਰ, ਚੰਦ ਸਿੰਘ ਚੱਠਾ ਤੇ ਬਲਜਿੰਦਰ ਸਿੰਘ ਡਕੋਹਾ ਨੇ ਵੀ



ਕੈਬਨਿਟ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਦੀ ਹਾਜ਼ਰੀ 'ਚ ਭਾਜਪਾ ਦਾ ਪੱਲਾ ਫੜ ਲਿਆ। ਪ੍ਰੀਤਮ ਸਿੰਘ ਤੇ ਸਾਬਕਾ ਟੀਵੀ ਐਂਕਰ ਚੇਤਨ ਮੋਹਨ ਜੋਸ਼ੀ ਵੀ ਭਾਜਪਾ 'ਚ ਅੱਜ ਸ਼ਾਮਲ ਹੋ ਗਏ। ਇਸ ਮੌਕੇ ਗਜੇਂਦਰ ਸਿੰਘ ਸ਼ੇਖਾਵਤ ਨੇ ਕਿਹਾ ਕਿ ਅਜਿਹੇ ਆਗੂਆਂ ਦਾ ਭਾਜਪਾ 'ਚ ਸ਼ਾਮਲ ਹੋਣ ਤੋਂ ਸਾਫ਼ ਹੈ ਪੰਜਾਬ 'ਚ ਸਿਆਸੀ ਹਵਾ ਕਿਸ ਵੱਲ ਚੱਲ ਰਹੀ ਹੈ। ਉਨ੍ਹਾਂ ਕਿਸੇ ਧਿਰ ਦਾ ਨਾਂ ਲਏ ਬਿਨਾਂ ਕਿਹਾ ਕਿ ਦੇਸ਼ 'ਚ ਨਕਾਰੀਆਂ ਗਈਆਂ ਪਾਰਟੀਆਂ ਸੱਤਾ ਖ਼ਾਤਰ ਕਿਸਾਨਾਂ ਨੂੰ ਗੁੰਮਰਾਹ ਕਰ ਰਹੀਆਂ ਹਨ ਜਦਕਿ ਮੋਦੀ ਸਰਕਾਰ ਕੌਮੀ ਹਿੱਤਾਂ ਤੇ ਪੰਜਾਬ ਦੀ ਤਰੱਕੀ ਲਈ ਕੰਮ ਕਰ ਰਹੀ ਹੈ।

OUR PARTNERS IN PROMOTION
WORLD PUNJABI NEWS NETWORK

whitecloud.in WHITECLOUD INTERNATIONAL
WEB PRESENCE PROVIDER

SmartBrainz EXPLORE. CHOOSE. BUY.
TECHNOLOGY PROVIDER

WORLD PUNJABI NEWS NETWORK
NEWS & MEDIA PARTNER

ADVERTISE WITH US
+91 98155 88388
worldpunjabinews@gmail.com

# ਇਟਲੀ ਵਿਚ ਕਰਵਾਏ ਗਏ "ਤੀਆਂ ਦਾ ਮੇਲਾ 2021" ਦੀਆਂ ਕੁਝ ਝਲਕੀਆਂ







ਇਟਲੀ ਵਿਚ ਪੰਜਾਬੀ ਇਟਲੀ ਓਰਗੇਨਾਈਜ਼ੇਸ਼ਨ ਵਲੋਂ 1 ਅਗਸਤ ਦਿਨ ਐਤਵਾਰ ਨੂੰ ਸ਼ਹਿਰ ਸਾਬੋਦੀਆ ਵਿਖੇ ਕਰਵਾਏ ਗਏ ਰੰਗਾ-ਰੰਗ ਪ੍ਰੋਗਰਾਮ "ਤੀਆਂ ਦਾ ਮੇਲਾ" ਦੀਆਂ ਕੁਝ ਝਲਕੀਆਂ. ਅਮਨਦੀਪ ਕੌਰ ਸੰਧੂ ਅਤੇ ਗੁਰਸ਼ਰਨ ਕੌਰ ਗਰੇਵਾਲ ਇਸ ਪ੍ਰੋਗਰਾਮ ਦੀਆਂ ਮੁੱਖ ਆਯੋਜਕ ਸਨ ਅਤੇ ਇਸ ਦਾ ਸੰਚਾਲਨ ਬੰਦਨਾ ਕੁਮਾਰੀ, ਇੰਦਰਜੀਤ ਕੌਰ ਢਿੱਲੋਂ ਅਤੇ ਗੁਰਸ਼ਰਨ ਕੌਰ ਗਰੇਵਾਲ ਵਲੋਂ ਕੀਤਾ ਗਿਆ। ਇਸ ਪ੍ਰੋਗਰਾਮ ਦੌਰਾਨ ਗਿੱਧਾ, ਭੰਗੜਾ ਅਤੇ ਮੋਡਲਿੰਗ ਵਿਚ ਮਿਸ/ਮਿਸੀਜ਼ ਇਟਲੀ ਕਰਵਾਏ ਗਏ.ਆਏ ਗਏ ਮਹਿਮਾਨਾਂ ਨੇ ਇਸ ਪ੍ਰੋਗਰਾਮ ਦਾ ਖੂਬ ਆਨੰਦ ਮਾਣਿਆ।

News/Photos :

**ਗੁਰਸ਼ਰਨ ਕੌਰ ਗਰੇਵਾਲ**



## 'ਸਿਟਾਡੇਲ' ਦੀ ਸ਼ੂਟਿੰਗ ਵਿੱਚ ਰੁੱਝੀ ਪ੍ਰਿਯੰਕਾ ਚੋਪੜਾ



**ਨਵੀਂ ਦਿੱਲੀ।** ਅਦਾਕਾਰਾ ਪ੍ਰਿਯੰਕਾ ਚੋਪੜਾ ਇਨ੍ਹੀਂ ਦਿਨੀਂ ਲੰਡਨ ਵਿੱਚ ਆਪਣੀ ਆਉਣ ਵਾਲੀ ਫਿਲਮ 'ਸਿਟਾਡੇਲ' ਦੀ ਸ਼ੂਟਿੰਗ ਕਰ ਰਹੀ ਹੈ। ਅਦਾਕਾਰਾ ਨੇ ਇੰਸਟਾਗ੍ਰਾਮ 'ਤੇ ਇੱਕ ਦਿਲਕਸ਼ ਤਸਵੀਰ ਸਾਂਝੀ ਕੀਤੀ ਹੈ, ਜਿਸ ਵਿੱਚ ਉਹ ਲਹਿਰਾਉਂਦੇ ਘੁੰਗਰਾਲੇ ਵਾਲਾਂ 'ਚ ਦਿਖਾਈ ਦੇ ਰਹੀ ਹੈ। ਅਦਾਕ-ਾਰਾ ਨੇ ਹਲਕਾ ਮੇਕਅੱਪ ਕੀਤਾ ਹੋਇਆ ਹੈ ਅਤੇ ਸਫ਼ੈਦ ਡਰੈੱਸ ਪਾਈ ਹੋਈ ਹੈ। ਪ੍ਰਿਯੰਕਾ ਨੇ ਇੰਸਟਾਗ੍ਰਾਮ 'ਤੇ ਸਾਂਝੀ ਕੀਤੀ ਇਸ ਤਸਵੀਰ ਥੱਲੇ ਕੈਪਸ਼ਨ ਵਿੱਚ ਹੈਸ਼ਟੈਗ 'ਸਿਟਾਡੇਲ' ਅਤੇ 'ਸੈਲਫੀਮੋਡ' ਲਿਖਿਆ ਤਾਂ ਕਿ ਉਸ ਦੇ ਪ੍ਰਸ਼ੰਸਕ ਜਾਣ ਸਕਣ ਕਿ ਉਹ ਇਸ ਪ੍ਰਾਜੈਕਟ ਵਿੱਚ ਰੁੱਝੀ ਹੋਈ ਹੈ। ਅਦਾਕਾਰਾ ਵੱਲੋਂ ਤਸਵੀਰ ਸਾਂਝੀ ਕਰਨ ਮਗਰੋਂ ਮੇਕਅੱਪ ਆਰਟਿਸਟ ਪੌਲ ਗੂਚ ਨੇ ਇੱਕ ਹਾਸੇ ਵਾਲੀ ਇਮੋਜ਼ੀ ਨਾਲ ਕੁਮੈਂਟ ਕੀਤਾ, "ਤੁਹਾਡੇ ਵਾਲ ਕਿਸੇ ਨੇ ਬਣਾਏ? ਇਹ ਲਾਜਵਾਬ ਹਨ!" ਇਸ ਦੇ ਜੁਆਬ ਵਿੱਚ ਪ੍ਰਿਯੰਕਾ ਨੇ ਪੌਲ ਦਾ ਉਸ ਦੇ ਵਾਲ ਸੈੱਟ ਕਰਨ ਲਈ ਧੰਨਵਾਦ ਕੀਤਾ। ਪੋਸਟ ਸਾਂਝੀ ਕਰਦਿਆਂ ਹੀ ਅਦਾਕਾਰਾ ਦੇ ਇੰਸਟਾਗ੍ਰਾਮ 'ਤੇ ਕੁਮੈਂਟਸ ਦਾ ਹੜ੍ਹ ਆ ਗਿਆ। ਇੱਕ ਪ੍ਰਸ਼ੰਸਕ ਨੇ ਉਸ ਨੂੰ 'ਖੂਬਸੂਰਤ' ਅਤੇ ਇੱਕ ਹੋਰ ਨੇ 'ਕੁਈਨ' ਵੀ ਲਿਖਿਆ।

## ਬੌਲੀਵੁੱਡ ਵਿੱਚ ਕੰਮ ਕਰਨਾ ਚਾਹੁੰਦੀ ਹੈ ਰੇਮਨ ਸਿੰਘ



**ਮੁੰਬਈ।** 'ਯੇ ਤੇਰੀ ਗਲੀਆਂ', 'ਅਪਨਾ ਟਾਈਮ ਭੀ ਆਏਗਾ' ਅਤੇ 'ਕਿਉਂ ਉਥੇ ਦਿਲ ਛੋੜ ਆਏ' ਵਰਗੇ ਮਸ਼ਹੂਰ ਸ਼ੋਅ ਕਰਨ ਵਾਲੀ ਅਦਾਕਾਰਾ ਰੇਮਨ ਸਿੰਘ ਦਾ ਕਹਿਣਾ ਹੈ ਕਿ ਟੈਲੀਵਿਜ਼ਨ ਪ੍ਰਤੀ ਵਚਨਬੱਧਤਾ ਨੇ ਉਸ ਨੂੰ ਬੌਲੀਵੁੱਡ ਫਿਲਮਾਂ ਵਿੱਚ ਕਰੀਅਰ ਬਣਾਉਣ ਦੀ ਆਿ-ਗਆ ਨਹੀਂ ਦਿੱਤੀ। ਰੇਮਨ ਨੇ ਅੱਜ ਇਥੇ ਆਈਏਐੱਨਐੱਸ ਨਾਲ ਗੱਲਬਾਤ ਕਰਦਿਆਂ ਕਿਹਾ, "ਮੈਂ ਬੌਲੀਵੁੱਡ ਪ੍ਰਾਜੈਕਟ ਲੈਣੇ ਬੰਦ ਕਰ ਦਿੱਤੇ ਕਿਉਂਕਿ ਉਦੋਂ ਮੈਂ ਟੀਵੀ ਸ਼ੋਅ ਵਿੱਚ ਮੁੱਖ ਕਿਰਦਾਰ ਨਿਭਾ ਰਹੀ ਸੀ। ਅਤੇ ਜਦੋਂ ਤੁਸੀਂ ਟੈਲੀਵਿਜ਼ਨ ਲਈ ਸ਼ੂਟਿੰਗ ਵਿੱਚ ਰੁਝੇ ਹੋ ਤਾਂ ਤੁਹਾਨੂੰ ਸ਼ੂਟ ਕਰਨ ਲਈ ਜ਼ਿਆਦਾਤਰ ਸਮਾਂ ਉਨ੍ਹਾਂ ਨਾਲ ਮੌਜੂਦ ਹੋਣ ਦੀ ਲੋੜ ਹੁੰਦੀ ਹੈ।" ਅਦਾਕਾਰਾ ਬੌਲੀਵੁੱਡ ਫਿਲਮਾਂ 'ਆਰਮੀ' ਅਤੇ 'ਘਾਇਲ ਵੰਸ ਅਗੇਨ' ਦਾ ਹਿੱਸਾ ਵੀ ਰਹੀ ਹੈ। ਹਾਲਾਂਕਿ, ਹੁਣ ਉਹ ਬੌਲੀਵੁੱਡ ਵਿੱਚ ਵਾਪਸੀ ਲਈ ਉਤਸਕ ਹੈ। ਅਦਾਕਾਰਾ ਨੇ ਕਿਹਾ, "ਹੁਣ ਮੈਂ ਬੌਲੀਵੁੱਡ ਫਿਲਮਾਂ ਵਿੱਚ ਵਾਪਸੀ ਦੀ ਉਡੀਕ ਕਰ ਰਹੀ ਹਾਂ, ਜੇਕਰ ਭੂਮਿਕਾ ਸ਼ਕਤੀਸ਼ਾਲੀ ਅਤੇ ਅਰਥਪੂਰਨ ਹੋਵੇ। ਪਰ ਦੁਬਾਰਾ ਫਿਰ ਮੈਂ ਟੀਵੀ ਨਹੀਂ ਛੱਡਣਾ ਚਾਹੁੰਦੀ। ਮੈਂ ਹਰ ਤਰ੍ਹਾਂ ਦੇ ਮਾਧਿਅਮ ਦਾ ਆਨੰਦ ਲੈਣਾ ਚਾਹੁੰਦੀ ਹਾਂ, ਟੀਵੀ ਹੋਵੇ, ਬੌਲੀਵੁੱਡ ਜਾਂ ਓਟੀਟੀ।"

## ਹਾਕੀ: ਬੈਲਜੀਅਮ ਨਾਲ ਭਾਰਤ ਦਾ ਭੇੜ ਅੱਜ



**ਟੋਕੀਓ।** ਭਾਰਤੀ ਪੁਰਸ਼ ਹਾਕੀ ਟੀਮ ਭਲਕੇ ਮੰਗਲਵਾਰ ਨੂੰ ਇੱਥੇ ਓਲੰਪਿਕ ਖੇਡਾਂ ਦੇ ਸੈਮੀ-ਫਾਈਨਲ ਵਿੱਚ ਵਿਸ਼ਵ ਚੈਂਪੀਅਨ ਬੈਲਜੀਅਮ ਖ਼ਿਲਾਫ਼ ਉਤਰੇਗੀ। ਟੀਮ ਦਾ ਇਰਾਦਾ ਵਿਸ਼ਵ ਦੀ ਅੱਵਲ ਨੰਬਰ ਟੀਮ ਨੂੰ ਹਰਾ ਕੇ ਫਾਈਨਲ ਵਿੱਚ ਥਾਂ ਬਣਾਉਂਦਿਆਂ 41 ਸਾਲ ਵਿੱਚ ਪਹਿਲਾ ਓਲੰਪਿਕ ਤਗ਼ਮਾ ਯਕੀਨੀ ਬਣਾਉਣ ਦਾ ਹੋਵੇਗਾ। ਅੱਠ ਸੋਨ ਤਗ਼ਮਿਆਂ ਸਮੇਤ 11 ਓਲੰਪਿਕ ਤਗ਼ਮੇ ਜਿੱਤਣ ਵਾਲੇ ਭਾਰਤ ਦਾ ਓਲੰਪਿਕ ਹਾਕੀ 'ਚ ਮਾਣਮੱਤਾ ਇਤਿਹਾਸ ਹੈ। ਮਨਪ੍ਰੀਤ ਸਿੰਘ ਦੀ ਅਗਵਾਈ ਵਾਲੀ ਟੀਮ ਇਸ ਸਮੇਂ ਉਸੇ ਮਾਣ-ਸਨਮਾਨ ਨੂੰ ਵਾਪਸ ਲਿਆਉਣ ਵਾਲੇ ਰਾਹ 'ਤੇ ਹੈ। ਭਾਰਤ ਨੇ ਲੰਘੇ ਦਿਨ ਖੇਡੇ ਕੁਆਰਟਰ ਫਾਈਨਲ ਵਿੱਚ ਗ੍ਰੇਟ ਬ੍ਰਿਟੇਨ ਨੂੰ 3-1 ਨਾਲ ਹਰਾ ਕੇ ਸੈਮੀ ਫਾਈਨਲ ਵਿੱਚ ਥਾਂ ਬਣਾਈ ਹੈ। ਟੀਮ ਹੁਣ ਤਗ਼ਮਾ ਜਿੱਤਣ ਦੀ ਦਹਿਲੀਜ਼ 'ਤੇ ਹੈ। ਭਾਰਤ ਨੇ ਹਾਕੀ ਵਿੱਚ ਆਪਣਾ ਆਖ਼ਰੀ ਸੋਨ ਤਗ਼ਮਾ ਮਾਸਕੋ ਖੇਡਾਂ-1980 ਵਿੱਚ ਜਿੱਤਿਆ ਸੀ, ਪਰ ਉਨ੍ਹਾਂ ਖੇਡਾਂ ਦੌਰਾਨ ਸੈਮੀ ਫਾਈਨਲ ਮੁਕਾਬਲਾ ਨਹੀਂ ਹੋਇਆ ਸੀ ਕਿਉਂਕਿ ਸਿਰਫ਼ ਛੇ ਟੀਮਾਂ ਨੇ ਇਸ ਮੁਕਾਬਲੇ ਵਿੱਚ ਹਿੱਸਾ ਲਿਆ ਸੀ।ਹਾਕੀ ਨੂੰ ਮੇਜਰ ਧਿਆਨਚੰਦ ਅਤੇ ਬਲਬੀਰ ਸਿੰਘ ਸੀਨੀਅਰ ਵਰਗੇ ਮਹਾਨ ਖਿਡਾਰੀ ਦੇਣ ਵਾਲਾ ਭਾਰਤ ਮੌਜੂਦਾ ਓਲੰਪਿਕ ਤੋਂ ਪਹਿਲਾਂ ਕਈ ਓਲੰਪਿਕ ਤੱਕ ਹਾਕੀ ਦੇ ਮੈਦਾਨ ਤੋਂ ਖ਼ਾਲੀ ਹੱਥ ਪਰਤਦਾ ਰਿਹਾ ਹੈ। ਭਾਰਤ ਨੇ ਪਿਛਲੀ ਵਾਰ 1972 ਮਿਊਨਿਖ ਓਲੰਪਿਕ ਦੌਰਾਨ ਸੈਮੀ ਫਾਈਨਲ ਵਿੱਚ ਹਿੱਸਾ ਲਿਆ ਸੀ ਅਤੇ ਉਦੋਂ ਉਸ ਨੂੰ ਪਾਕਿਸਤਾਨ ਤੋਂ 0-2 ਨਾਲ ਹਾਰ ਝੱਲਣੀ ਪਈ ਸੀ। ਮੁੱਖ ਕੋਚ ਗ੍ਰਾਹਮ ਰੀਡ ਦੇ ਮਾਰਗਦਰਸ਼ਨ ਵਿੱਚ ਖੇਡ ਰਹੀ ਭਾਰਤੀ ਟੀਮ ਨੂੰ ਪਤਾ ਹੈ ਕਿ ਬੈਲਜੀਅਮ ਖ਼ਿਲਾਫ਼ ਮੰਗਲਵਾਰ ਨੂੰ ਇੱਕ ਹੋਰ ਚੰਗਾ ਪ੍ਰਦਰਸ਼ਨ ਟੀਮ ਦਾ ਨਾਮ ਇਤਿਹਾਸ ਵਿੱਚ ਲਿਖ ਦੇਵੇਗਾ, ਫਿਰ ਚਾਹੇ ਤਗ਼ਮੇ ਦਾ ਰੰਗ ਕੋਈ ਵੀ ਹੋਵੇ। ਆਸਟਰੇਲੀਆ ਖ਼ਿਲਾਫ਼ ਪੂਲ 'ਏ' ਦੇ ਦੂਜੇ ਮੈਚ ਵਿੱਚ 1-7 ਨਾਲ ਨਮੋਸ਼ੀਜਨਕ ਹਾਰ ਝੱਲਣ ਮਗਰੋਂ ਭਾਰਤੀ ਟੀਮ ਲਗਾਤਾਰ ਚਾਰ ਮੈਚ ਜਿੱਤ ਚੁੱਕੀ ਹੈ।

ਵਰਲਡ ਪੰਜਾਬੀ ਨਿਊਜ਼ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਲੇਖ ਅਤੇ ਰਚਨਾਵਾਂ ਲੇਖਕਾਂ ਦੇ ਨਿੱਜੀ ਵਿਚਾਰ ਹੋ ਸਕਦੇ ਹਨ। ਇਹਨਾਂ ਨਾਲ ਸੰਪਾਦਕ ਅਤੇ 'ਵਰਲਡ ਪੰਜਾਬੀ ਨਿਊਜ਼' ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ- ਸੰਪਾਦਕ 'ਵਰਲਡ ਪੰਜਾਬੀ ਨਿਊਜ਼' ਵਿੱਚ ਪ੍ਰਕਾਸ਼ਿਤ ਹੋਣ ਵਾਲੇ ਵਿਗਿਆਪਨਾਂ ਦੀ ਪਰਖ ਪਾਠਕ ਖੁਦ ਕਰਨ। 'ਵਰਲਡ ਪੰਜਾਬੀ ਨਿਊਜ਼' ਅਦਾਰਾ ਇਹਨਾਂ ਪ੍ਰਤੀ ਜਿੰਮੇਵਾਰ ਨਹੀਂ ਹੋਵੇਗਾ- ਸੰਪਾਦਕ

# ਨੈਸ਼ਨਲ ਅਚੀਵਮੈਂਟ ਸਰਵੇਖਣ 2021 ਦੇ ਤਹਿਤ ਜ਼ਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਟ੍ਰੇਨਿੰਗ ਸੈਂਟਰਾਂ ਦਾ ਪ੍ਰੇਰਨਾਦਾਇਕ ਦੌਰਾ

**ਜਲੰਧਰ ।** ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਰਾਮਪਾਲ ਸਿੰਘ ਵੱਲੋਂ ਬਲਾਕ ਪੱਧਰ ਤੇ ਚੱਲ ਰਹੀ ਨੈਸ਼ਨਲ ਅਚੀਵਮੈਂਟ ਸਰਵੇਖਣ 2021 ਦੇ ਤਹਿਤ ਚੱਲ ਰਹੀ ਟ੍ਰੇਨਿੰਗ ਦਾ ਪ੍ਰੇਰਨਾ ਦਾਇਕ ਦੌਰਾ ਕੀਤਾ ਗਿਆ। ਜ਼ਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਵਿੱਚ ਪੰਜਾਬ ਦੇ ਪਹਿਲੇ ਸਥਾਨ ਤੇ ਆਉਣ ਤੇ ਸਾਰੇ ਅਧਿਆਪਕਾਂ ਨੂੰ ਵਧਾਈ ਦਿੱਤੀ ਗਈ। ਇਸ ਮੌਕੇ ਤੇ ਵਰਿੰਦਰ ਵੀਰ ਸਿੰਘ ਜ਼ਿਲ੍ਹਾ ਕੋਆਰਡੀਨੇਟਰ (ਪੜ੍ਹੋ ਪੰਜਾਬ ਪੜਾਓ ਪੰਜਾਬ) ਵੱਲੋਂ ਅਧਿਆਪਕਾਂ ਵੱਲੋਂ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਨੈਸ਼ਨਲ ਅਚੀਵਮੈਂਟ ਸਰਵੇਖਣ 2021 ਵਿੱਚ ਜ਼ਿਲ੍ਹਾ ਜਲੰਧਰ ਨੂੰ ਪੰਜਾਬ ਵਿੱਚ ਪਹਿਲੇ ਸਥਾਨ ਪ੍ਰਾਪਤ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਜਾਵੇਗੀ। ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਸਕੂਲ ਖੁੱਲਣ ਤੇ ਬੱਚਿਆਂ ਦਾ ਸਵਾਗਤ ਕੀਤਾ ਗਿਆ। ਜ਼ਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਅਧਿਆਪਕਾਂ ਨੂੰ ਸਰਕਾਰ ਵੱਲੋਂ ਦਿੱਤੀਆਂ -19 ਦੀ ਹਦਾਇਤਾਂ ਦੀ ਪਾਲਣਾ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਤੇ ਸਹਾਇਕ ਕੋਆਰਡੀਨੇਟਰ (ਪੜ੍ਹੋ ਪੰਜਾਬ ਪੜਾਓ ਪੰਜਾਬ) ਪ੍ਰਦੀਪ ਪ੍ਰਿਤਪਾਲ ਸਿੰਘ ਵੀ ਮੌਜੂਦ ਸਨ।



# ਕਿਰਤੀ ਕਿਸਾਨ ਯੂਨੀਅਨ ਵੱਲੋਂ ਡਿਪਟੀ ਕਮਿਸ਼ਨਰ ਨੂੰ ਦਿੱਤਾ ਮੰਗ ਪੱਤਰ

## ਬਾਰਿਸ਼ ਕਾਰਨ ਨੁਕਸਾਨੀ ਗਈ ਫ਼ਸਲ ਦੇ ਮੁਆਵਜ਼ੇ ਦੀ ਕੀਤੀ ਮੰਗ

**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਕਿਰਤੀ ਕਿਸਾਨ ਯੂਨੀਅਨ ਦੇ ਜਨਤਕ ਵਫ਼ਦ ਵਲੋਂ ਭਾਰੀ ਬਾਰਿਸ਼ ਹੋਣ ਕਾਰਨ ਕਿਸਾਨਾਂ ਦੀ ਸੈਂਕੜੇ ਏਕੜ ਝੋਨੇ ਦੀ ਫ਼ਸਲ ਪਾਣੀ ਚ ਡੁੱਬਣ ਕਾਰਨ ਪੂਰੀ ਤਰ੍ਹਾਂ ਮਰ ਚੁੱਕੀ ਹੈ। ਉਸਦਾ ਮੁਆਵਜ਼ਾ ਲੈਣ ਵਾਸਤੇ ਡਿਪਟੀ ਕਮਿਸ਼ਨਰ ਘਣਸ਼ਿਆਮ ਥੋਰੀ ਨੂੰ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਤੇ ਜ਼ਿਲ੍ਹਾ ਪ੍ਰਧਾਨ ਸੰਤੋਖ ਸਿੰਘ ਸੰਧੂ ਨੇ ਦੱਸਿਆ ਕਿ ਕਿਸਾਨ ਪਹਿਲਾਂ ਹੀ ਕਰਜ਼ੇ ਦੀ ਮਾਰ ਹੇਠ ਹੈ। ਦੂਸਰੇ ਪਾਸੇ ਭਾਰੀ ਬਾਰਿਸ਼ ਹੋਣ ਕਾਰਨ ਸੈਂਕੜੇ ਏਕੜ ਫ਼ਸਲ ਖਰਾਬ ਹੋ ਗਈ ਹੈ। ਜਿਸ ਦਾ ਦੁਬਾਰਾ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ। ਕਿਸਾਨਾਂ ਵੱਲੋਂ ਖੇਤੀ ਦੀ ਵਹਾਈ,ਝੋਨੇ ਦੀ ਲਵਾਈ, ਅਤੇ ਖਾਂਦਾ ਉਪਰ ਹਜ਼ਾਰਾਂ ਰੁਪਏ ਖਰਚ ਹੋ ਚੁੱਕੇ ਹਨ। ਉਪਰੋਂ ਹਜ਼ਾਰਾਂ ਰੁਪਏ ਜ਼ਮੀਨ ਦਾ ਠੇਕਾ ਦਿੱਤਾ ਜਾ ਚੁੱਕਾ ਹੈ। ਬਿਜਲੀ ਦੇ ਕੱਟਾਂ ਕਾਰਨ ਵੀ ਕਿਸਾਨਾਂ ਨੂੰ ਫਸਲ ਪਾਲਣ ਸੈਂਕੜੇ ਲੀਟਰ ਡੀਜ਼ਲ ਆਪਣੀ ਜੇਬ ਚੋਂ ਫੂਕਣਾ ਪਿਆ ਹੈ। ਇਹ ਸਰਕਾਰ ਦੀ ਨਲਾਇਕੀ ਦਾ ਵੀ ਸਿੱਟਾ ਹੈ ਕਿਉਂਕਿ ਮੀਂਹ ਦੇ ਵਾਧੂ ਪਾਣੀ ਦੀ ਨਿਕਾਸੀ ਲਈ ਬਣਾਈਆਂ ਗਈਆਂ ਡਰੇਨਜ ਨੂੰ ਮੌਨਸੂਨ ਮੌਸਮ ਤੋਂ ਪਹਿਲਾਂ ਸਾਫ ਨਹੀਂ ਕੀਤਾ ਗਿਆ। ਜਿਸ ਕਾਰਨ ਖੇਤਾਂ ਚ ਪਾਣੀ ਭਰ ਗਿਆ। ਇਸ ਮੌਕੇ ਜ਼ਲ੍ਹਿਾ ਸਕੱਤਰ ਮੱਖਣ ਸਿੰਘ ਕੰਦੋਲਾ ਨੇ ਦੱਸਿਆ ਕਿ ਇਹ ਸਮੱਸਿਆਵਾਂ ਜ਼ਲ੍ਹਿੇ ਦੇ ਤਲਵਣ ਅਤੇ ਮਹਿਤਪੁਰ ਇਲਾਕੇ ਚ ਆਈ ਹੈ। ਦੋ ਸਾਲ ਪਹਿਲਾਂ ਸੈਂਕੜੇ ਏਕੜ ਕਣਕ ਦੀ ਪੱਕੀ ਫਸਲ ਸੜ ਕੇ ਸੁਆਹ ਹੋ ਗਈ ਸੀ।



ਸਰਕਾਰ ਦੁਆਰਾ ਉਸਦਾ ਮੁਆਵਜ਼ਾ ਨਹੀਂ ਦਿੱਤਾ ਗਿਆ। ਯੂਨੀਅਨ ਮੰਗ ਕਰਦੀ ਹੈ ਕਿ ਝੋਨੇ ਦੈ ਹੋਏ ਨੁਕਸਾਨ ਦਾ ਮੁਆਵਜ਼ਾ ਤੁਰੰਤ ਦਿੱਤਾ ਜਾਵੇ,ਸੜੀ ਹੋਈ ਕਣਕ ਦੀ ਫ਼ਸਲ ਦਾ ਵੀ ਮੁਆਵਜ਼ਾ ਦਿੱਤਾ ਜਾਵੇ। ਅਗਰ ਸਰਕਾਰ ਸਾਡੀਆਂ ਮੰਗਾਂ ਨਹੀਂ ਮੰਨਦੀ ਤਾਂ ਤਿੱਖੇ ਸੰਘਰਸ਼ ਦਾ ਸਾਹਮਣਾ ਕਰਨ ਲਈ ਤਿਆਰ ਰਹੇ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਯੂਥ ਵਿੰਗ ਦੇ ਆਗੂ ਤਰਪਰੀਤ ਸਿੰਘ ਉੱਪਲ, ਰਤਨ ਸਿੰਘ, ਜੱਸਾ ਸਿੰਘ, ਲੱਕੀ ਉਧੋਵਾਲ ਆਦਿ ਹਾਜ਼ਰ ਸਨ ।

# ਮੰਦਿਰ ਵਿੱਚ ਲੰਗਰ ਹਾਲ ਦੇ ਲੈਂਟਰ ਦਾ ਕੰਮ ਸ਼ੁਰੂ ਕਰਵਾਇਆ

**ਕਰਤਾਰਪੁਰ (ਜਸਵੰਤ ਵਰਮਾ,ਦਿਨੇਸ਼ ਕੁਮਾਰ)** ਸ਼੍ਰੀ ਰਘੂਨਾਥ ਮੰਦਿਰ ਮੇਨ ਬਜਾਰ ਵਿਖੇ ਲੰਗਰ ਹਾਲ ਦੇ ਲੈਂਟਰ ਪਾਉਣ ਦੀ ਸ਼ੁਰੂਆਤ ਰਾਜਨ ਸ਼ਰਮਾ ਚੇਅਰਮੈਨ ਯੂਵਾਂ ਬ੍ਰਾਹਮਣ ਸਭਾ ਪੰਜਾਬ ਵਲੋਂ ਕੀਤੀ ਗਈ। ਪੰਡਿਤ ਵਲੋਂ ਪੂਜਾ ਪਾਠ ਕਰਕੇ ਕੀਤੀ ਗਈ। ਇਸ ਮੌਕੇ ਨਰਿੰਦਰ ਆਨੰਦ, ਸ਼ਿਵ ਕੁਮਾਰ ਸ਼ਰਮਾ, ਸ਼੍ਰੀ ਕ੍ਰਿਸ਼ਨ ਵਾਸਲ, ਅਸ਼ਵਨੀ ਸ਼ਰਮਾ, ਦੀਪਕ ਕੁਮਾਰ ਦੀਪਾ, ਰਮਨ ਕੁਮਾਰ, ਇੰਦਰਜੀਤ ਬਾਬਾ, ਕਾਲੀ, ਰਾਮ ਸ਼ਰਮਾ, ਵਿਸ਼ਾਲ ਆਨੰਦ, ਸ਼ਾਮ ਸ਼ਰਮਾ, ਸਾਗਰ ਆਨੰਦ ਆਦਿ ਬਹੁਤ ਸਾਰੇ ਸ਼ਰਧਾਲੂ ਹਾਜਰ ਸਨ।



# ਕਰਤਾਰਪੁਰ ਪੁਲਿਸ ਨੇ 7 ਮੋਟਰਸਾਈਕਲਾਂ ਸਮੇਤ 2 ਮੋਟਰਸਾਈਕਲ ਚੋਰ ਕਾਬੂ ਕੀਤੇ

**ਕਰਤਾਰਪੁਰ (ਜਸਵੰਤ ਵਰਮਾ ,ਦਿਨੇਸ਼ ਕੁਮਾਰ)** ਕਰਤਾਰਪੁਰ ਪੁਲਿਸ ਨੇ 2 ਮੋਟਰਸਾਈਕਲ ਚੋਰਾਂ ਨੂੰ ਫੜਨ ਵਿੱਚ ਸਫਲਤਾ ਹਾਸਲ ਕੀਤੀ ਹੈ। ਮੁੱਖ ਅਫਸਰ ਥਾਣਾ ਕਰਤਾਰਪੁਰ ਦੀ ਪੁਲਸ ਪਾਰਟੀ ਨੂੰ ਮੁਖ਼ਬਰ ਖਾਸ ਨੇ ਇਤਲਾਹ ਦਿੱਤੀ ਕਿ ਦਵਿੰਦਰ ਸਿੰਘ ਉਰਫ ਗੋਲੂ ਅਤੇ ਕਰਨਵੀਰ ਉਰਫ ਕਰਨ ਮੋਟਰਸਾਈਕਲ ਚੋਰੀ ਕਰਕੇ ਮੋਟਰਸਾਈਕਲਾਂ ਦੀਆਂ ਅਸਲ ਨੰਬਰ ਪਲੇਟਾਂ ਉਤਾਰ ਕੇ ਉਨ੍ਹਾਂ ਨੂੰ ਜਾਅਲੀ ਨੰਬਰ ਪਲੇਟਾਂ ਲਗਾ ਕੇ ਵੇਚਦੇ ਹਨ। ਜੀਟੀ ਰੋਡ ਦਿਆਲਪੁਰ ਤੋਂ ਕਰਤਾਰਪੁਰ ਨੇੜੇ ਬਿਜਲੀ ਘਰ ਦੇ ਲਾਗੇ ਚੋਰੀਸ਼ੁਦਾ ਮੋਟਰਸਾਈਕਲ ਨੂੰ ਜਾਅਲੀ ਨੰਬਰ ਪਲੇਟ ਲਗਾ ਕੇ ਖੜ੍ਹੇ ਹਨ। ਜੇਕਰ ਹੁਣੇ ਹੀ ਰੇਡ ਕਰਕੇ ਚੋਰੀਸ਼ੁਦਾ ਮੋਟਰਸਾਈਕਲਾਂ ਸਮੇਤ ਕਾਬੂ ਆ ਸਕਦੇ ਹਨ। ਏ.ਐੱਸ.ਆਈ ਬਲਵੀਰ ਸਿੰਘ ਸਮੇਤ ਪੁਲਸ ਪਾਰਟੀ ਮੁਖਬਰ ਵਲੋਂ ਦੱਸੀ ਜਗ੍ਹਾ 'ਤੇ ਰੇਡ ਕਰ ਕੇ ਉਕਤ ਦੋਨਾਂ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਅਤੇ ਉਨਾਂ ਦੀ ਨਿਸ਼ਾਨਦੇਹੀ 'ਤੇ ਸੱਤ ਮੋਟਰਸਾਈਕਲ ਸਪਲੈਂਡਰ ਬਿਨਾਂ ਨੰਬਰੀ ਬਰਾਮਦ ਕੀਤੇ। ਪੁਲਿਸ ਨੇ ਦੋਸ਼ੀਆਂ ਨੂੰ ਕਾਬੂ ਕਰਕੇ ਹੋਰ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ ਇਹਨਾਂ ਕੋਲੋਂ ਹੋਰ ਚੋਰੀਆਂ ਦੇ ਸੁਰਾਗ ਮਿਲਨ ਦੀ ਆਸ ਹੈ।



# ਕਾਲਾ ਜਠੇੜੀ ਦੇ ਨਾਲ ਗੈਂਗਸਟਰ ਅਨੁਰਾਧਾ ਵੀ ਗ੍ਰਿਫਤਾਰ




**ਨਵੀਂ ਦਿੱਲੀ।** ਸੱਤ ਲੱਖ ਰੁਪਏ ਦੇ ਇਨਾਮੀ ਬਦਮਾਸ਼ ਸੰਦੀਪ ਉਰਫ ਕਾਲਾ ਜਠੇੜੀ ਨਾਲ ਪੁਲਸ ਨੇ ਉਸ ਦੀ ਗਰਲਫ੍ਰੈਂਡ ਤੇ ਗੈਂਗਸਟਰ ਅਨੁਰਾਧਾ ਚੌਧਰੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜਠੇੜੀ ਦੀ ਗ੍ਰਿਫਤਾਰੀ ਦੇ ਸਮੇਂ ਅਨੁਰਾਧਾ ਸਹਾਰਨ-ਪੁਰ ਵਿੱਚ ਉਸ ਦੇ ਨਾਲ ਸੀ। ਨੌਂ ਮਹੀਨੇ ਤੋਂ ਉਹ ਜਠੇੜੀ ਦੇ ਨਾਲ ਲਿਵ ਇਨ ਵਿੱਚ ਰਹਿ ਰਹੀ ਸੀ। ਉਸ ਦੇ ਕਈ ਗੈਂਗਸਟਰਾਂ ਨਾਲ ਵੀ ਸੰਬੰਧ ਰਹੇ ਹਨ। ਪੁਲਸ ਮੁਤਾਬਕ ਪਤੀ ਨੂੰ ਛੱਡਣ ਪਿੱਛੋਂ ਅਨੁਰਾਧਾ ਰਾਜਸਥਾਨ ਦੇ ਗੈਂਗਸਟਰ ਆਨੰਦਪਾਲ ਸਿੰਘ ਦੀ ਗਰਲਫ੍ਰੈਂਡ ਬਣੀ ਸੀ। ਪੰਜ ਸਾਲ ਪਹਿਲਾਂ ਰਾਜਸਥਾਨ ਪੁਲਸ ਨੇ ਆਨੰਦਪਾਲ ਨੂੰ ਮੁਕਾਬਲੇ ਵਿੱਚ ਮਾਰ ਕੇ ਅਨੁਰਾਧਾ ਨੂੰ ਗ੍ਰਿਫਤਾਰ ਕਰ ਲਿਆ ਸੀ। ਉਹ ਪੁਲਸ ਹਿਰਾਸਤ ਵਿੱਚੋਂ ਭੱਜ ਗਈ ਅਤੇ ਗਿਰੋਹ ਦੀ ਅਗਵਾਈ ਕਰਨ ਲੱਗੀ। ਆਨੰਦਪਾਲ ਦੇ ਬਾਅਦ ਅਨੁਰਾਧਾ ਵਿਰੋਧੀ ਗਿਰੋਹ ਰਾਜੂ ਬਸੌਦੀ ਦੇ ਨਿਸ਼ਾਨੇ ਉੱਤੇ ਆ ਗਈ ਤਾਂਖੁਦ ਨੂੰ ਮਜ਼ਬੂਤ ਬਣਾਉਣ ਦੇ ਲਈ ਉਸ ਨੇ ਬਲਬੀਰ ਬਨੂੜਾ ਦਾ ਸਾਥ ਫੜਿਆ। ਬਲਬੀਰ ਦੇ ਫੜੇ ਜਾਣ ਉੱਤੇ ਉਹ ਲਾਰੈਂਸ ਬਿਸ਼ਨੋਈ ਦੇ ਸੰਪਰਕ ਵਿੱਚ ਆ ਗਈ, ਜਿੱਥੇ ਉਸ ਨੂੰ ਕਾਲਾ ਜਠੇੜੀ ਦਾ ਸਾਥ ਮਿਲਿਆ। ਅਨੁਰਾਧਾ ਦੇ ਇਸ਼ਾਰੇ ਉੱਤੇ ਜਠੇੜੀ ਰਾਜਸਥਾਨ ਵਿੱਚ ਰੰਗਦਾਰੀ ਅਤੇ ਕਤਲ ਵਰਗੀਆਂ ਸੰਗੀਨ ਵਾਰਦਾਤਾਂ ਕਰਦਾ ਸੀ। ਜਠੇੜੀ ਦੇ ਨਿਸ਼ਾਨੇ ਉੱਤੇ ਸਾਗਰ ਧਨਖੜ ਹੱਤਿਆਕਾਂਡ ਵਿੱਚ ਸ਼ਾਮਲ ਸੁਸ਼ੀਲ ਪਹਿਲਵਾਨ ਤੇ ਨੀਰਜ ਬਵਾਨੀਆ ਗੈਂਗ ਦੇ ਸ਼ੂਟਰ ਸਨ, ਕਾਲਾ ਜਠੇੜੀ ਨੂੰ ਐਸ ਟੀ ਐਫ ਸੋਨੀਪਤ ਵੀ ਪ੍ਰੋਡਕਸ਼ਨ ਵਾਰੰਟ ਉੱਤੇ ਲਿਆ ਕੇ ਪੁੱਛਗਿੱਛ ਕਰੇਗੀ।

# ਜਿਲਾ ਸਿੱਖਿਆ ਅਫ਼ਸਰ ਮਦਨ ਲਾਲ ਸ਼ਰਮਾ ਨੇ ਪੀ ਟੀ ਆਈ ਰਛਪਾਲ ਸਿੰਘ ਨੂੰ ਕੀਤਾ ਸਨਮਾਨਿਤ

**ਹੁਸ਼ਿਆਰਪੁਰ/ਗੜ੍ਹਦੀਵਾਲਾ (ਜਸਵੀਰ ਸਿੰਘ ਪੁਰੇਵਾਲ)** ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਅਤੇ ਸਿੱਖਿਆ ਵਿਭਾਗ ਦੇ ਹੁਕਮਾਂ ਅਨੁਸਾਰ ਪੂਰੇ ਪੰਜਾਬ ਵਿਚ ਟੀਚਰ ਫੈਸਟ ਕਰਵਾਇਆ ਗਿਆ। ਜਿਲਾ ਹੁਸ਼ਿਆਰਪੁਰ ਵਿਚ ਵੀ ਗੁਰਸ਼ਰਨ ਸਿੰਘ ਜ਼ਲ੍ਹਿਾ ਸਿੱਖਿਆ ਅਫ਼ਸਰ ਦੀ ਦੇਖ ਰੇਖ ਵਿੱਚ ਬਲਾਕ ਪੱਧਰੀ ਟੀਚਰ ਫੈਸਟ ਕਰਵਾਇਆ ਗਿਆ। ਇਸ ਅਧਿਆਪਕ ਪ੍ਰਤਿਭਾ ਖੋਜ ਮੁਕਾਬਲੇ ਵਿੱਚ ਬਲਾਕ ਭੂੰਗਾ-2 ਅਧੀਨ ਪੈਂਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਨਹੋਤਾ ਦੇ ਪੀ.ਟੀ.ਆਈ ਰਛਪਾਲ ਸਿੰਘ ਉੱਪਲ ਨੇ ਆਪਣੇ ਵਿਸ਼ੇ ਵਿਚ ਆਪਣੀ ਪ੍ਰਤਿਭਾ ਦਿਖਾਉਂਦੇ ਹੋਏ ਬਲਾਕ ਭੂੰਗਾ-2 ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਤੇ ਸੀਨੀਅਰ ਸਕੈਂਡਰੀ ਸਕੂਲ ਮਨਹੋਤਾ ਵਿਖੇ ਮਦਨ ਲਾਲ ਸ਼ਰਮਾ ਜ਼ਲ੍ਹਿਾ ਸਿੱਖਿਆ ਅਫ਼ਸਰ ਗੁਰਦਾਸਪੁਰ ਵਲੋਂ ਰਛਪਾਲ ਸਿੰਘ ਉੱਪਲ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਲਈ ਸਨਮਾਨਿਤ ਕੀਤਾ ਗਿਆ ਅਤੇ ਅੱਗੇ ਤੋਂ ਹੋਰ ਵੀ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ। ਜ਼ਕਿਰਯੋਗ ਹੈ ਕਿ ਪਹਿਲਾਂ ਵੀ ਰਛਪਾਲ ਸਿੰਘ ਪੀ ਟੀ ਆਈ ਨੇ ਸਕੂਲ ਖੇਡਾਂ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ। ਇਨ੍ਹਾਂ ਵਲੋਂ ਤਿਆਰ ਖਿਡਾਰੀਆਂ ਨੇ ਰਾਜ ਪੱਧਰੀ ਅਤੇ ਰਾਸ਼ਟਰੀ ਪੱਧਰ ਦੀਆਂ ਸਕੂਲ ਖੇਡਾਂ ਵਿੱਚ ਬਹੁਤ ਮੱਲਾਂ ਮਾਰੀਆਂ ਹਨ। ਇਸ ਮੌਕੇ ਤੇ ਸਮੂਹ ਸਟਾਫ ਵੱਲੋਂ ਰਛਪਾਲ ਸਿੰਘ ਨੂੰ ਇਸ ਉਪਲਬਧੀ ਲਈ ਮੁਬਾਰਕਬਾਦ



ਦਿੱਤੀ। ਇਸ ਮੌਕੇ ਤੇ ਕਾਰਜਕਾਰੀ ਪ੍ਰਿੰਸੀਪਲ ਸਰਜੀਵਨ ਕੁਮਾਰ, ਸੁਭਾਸ਼ ਚੰਦਰ, ਜਰਨੈਲ ਸਿੰਘ, ਕੁਲਦੀਪ ਸਿੰਘ, ਗੁਰਪ੍ਰੀਤ ਸਿੰਘ, ਸੁਰਿੰਦਰ ਸਿੰਘ, ਸਤਵਿੰਦਰ ਸਿੰਘ, ਰਣਵੀਰ ਸਿੰਘ,ਅਜੀਤ ਕੁਮਾਰ, ਬਲਵਿੰਦਰ ਸਿੰਘ, ਮੁਨੀਸ਼ ਕੁਮਾਰ, ਵਿਜੇ ਕੁਮਾਰ, ਹਰਭਜਨ ਸਿੰਘ, ਜਤਿੰਦਰ ਕੌਰ, ਨਵਜੋਤ ਕੁਮਾਰੀ, ਅਨੁਪਮ ਠਾਕਰ, ਸਪਨਾ ਰਾਣੀ, ਮਨੋਜ ਕੁਮਾਰ, ਵਰਿੰਦਰ ਕੌਰ ਅਤੇ ਸਮੂਹ ਸਟਾਫ ਹਾਜ਼ਰ ਸਨ।

# ਪੰਜਾਬ ਦੀ ਜਨਤਾ ਅਕਾਲੀ ਅਤੇ ਕਾਂਗਰਸ ਪਾਰਟੀ ਤੋਂ ਬਹੁਤ ਦੁਖੀ : ਚੌਧਰੀ ਰਾਜਵਿੰਦਰ ਸਿੰਘ ਰਾਜਾ

**ਹੁਸ਼ਿਆਰਪੁਰ/ਗੜ੍ਹਦੀਵਾਲਾ (ਜਸਵੀਰ ਸਿੰਘ ਪੁਰੇਵਾਲ)** ਅੱਜ ਗੜ੍ਹਦੀਵਾਲਾ ਵਿਖੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਚੌਧਰੀ ਰਾਜਵਿੰਦਰ ਸਿੰਘ ਰਾਜਾ ਨੇ ਕਿਹਾ ਕਿ ਪੰਜਾਬ ਦੇ ਲੋਕ ਅਕਾਲੀ ਅਤੇ ਕਾਂਗਰਸ ਪਾਰਟੀ ਤੋਂ ਬਹੁਤ ਦੁਖੀ ਹਨ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਲੋਕਾਂ ਨੂੰ ਲਾਰਿਆਂ ਤੋਂ ਸਿਵਾ ਕੁੱਝ ਨਹੀਂ ਦਿੱਤਾ। ਇਸ ਮੌਕੇ ਰਾਜੂ ਗੁਪਤਾ ਸਾਬਕਾ ਐਸ ਸੀ ਗੜ੍ਹਦੀਵਾਲਾ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਵਿੱਚ ਇਸ ਵਾਰ ਆਮ ਆਦਮੀ ਪਾਰਟੀ ਪ੍ਰਤੀ ਭਾਰੀ ਉਤਸ਼ਾਹ ਦਿਖਣ ਨੂੰ ਮਿਲ ਰਿਹਾ ਹੈ। ਜਿਸ ਨਾਲ ਇਹ ਸਾਬਤ ਹੋ ਗਿਆ ਹੈ ਕਿ ਪੰਜਾਬ ਵਿੱਚ ਆਉਣ ਵਾਲੀ ਸਰਕਾਰ ਆਮ ਆਦਮੀ ਪਾਰਟੀ ਦੀ ਹੋਵੇਗੀ। ਉਹਨਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਟਰਾਂਸਪੋਰਟ ਵਿੰਗ ਦੇ ਸੂਬਾ ਵਾਇਸ ਪ੍ਰਧਾਨ ਜਸਵੀਰ ਸਿੰਘ ਰਾਜਾ ਹਲਕਾ ਉੜਮੁੜ ਟਾਂਡਾ ਵਿੱਚ ਲੋਕਾਂ ਦੇ ਹਰਮਨ ਪਿਆਰੇ ਸੇਵਾਦਾਰ ਬਣ ਚੁੱਕੇ ਹਨ। ਇਸ ਮੌਕੇ ਵਿਨੈ ਕੁਮਾਰ ਯੂਥ ਪ੍ਰਧਾਨ ਗੜ੍ਹਦੀਵਾਲਾ,ਸੁਨਿਲ ਕਲਿਆਣ, ਸਾਜਨ ਫਤਿਹਪੁਰ,ਰਾਹੁਲ ਸੇਠ,ਨਵੀ ਗੜ੍ਹਦੀਵਾਲਾ ਆਦਿ ਹਾਜ਼ਰ ਸਨ।



# ਮੁਕੇਰੀਆਂ ਵਿੱਚ ਗ੍ਰੰਥੀ ਸਿੰਘਾਂ ਵੱਲੋਂ ਕੀਤੀ ਗਈ ਮੀਟਿੰਗ

**ਮੁਕੇਰੀਆਂ (ਜਸਵੀਰ ਸਿੰਘ ਪੁਰੇਵਾਲ)** 2 ਅਗਸਤ 2021 ਦਿਨ ਐਤਵਾਰ ਨੂੰ ਗੁਰਦੁਆਰਾ ਸ੍ਰੀ ਗੁਰੂ ਦਸਮੇਸ਼ ਸਿੰਘ ਸਭਾ ਮੁਕੇਰੀਆਂ ਵਿਖੇ ਗ੍ਰੰਥੀ ਸਿੰਘਾਂ ਦੀ ਮੀਟਿੰਗ ਕੀਤੀ ਗਈ ਜਿਸ ਵਿੱਚ ਗ੍ਰੰਥੀ ਸਿੰਘਾਂ ਦਾ ਪ੍ਰਧਾਨ ਦੀ ਚੋਣ ਕੀਤੀ ਗਈ। ਭਾਈ ਦਲਜੀਤ ਸਿੰਘ ਨੂੰ ਸ਼ਹਿਰੀ ਗ੍ਰੰਥੀ ਸਿੰਘਾਂ ਦਾ ਪ੍ਰਧਾਨ ਚੁਣਿਆ ਗਿਆ ਜੋ ਕਿ ਸ੍ਰੀ ਗੁਰੂ ਕਲਗੀਧਰ ਸਾਹਿਬ ਗੁਰਦੁਆਰਾ ਸਾਹਿਬ ਜੀ ਦੇ ਹੈਡ ਗ੍ਰੰਥੀ ਦੀ ਸੇਵਾ ਨਿਭਾਅ ਰਿਹਾ ਹੈ। ਮੀਟਿੰਗ ਵਿੱਚ ਭਾਈ ਮਹਿੰਦਰ ਸਿੰਘ ਜੀ, ਭਾਈ ਜਸਵੰਤ ਸਿੰਘ ਜੀ, ਭਾਈ ਸਕੱਤਰ ਸਿੰਘ ਜੀ, ਭਾਈ ਅਵਤਾਰ ਸਿੰਘ ਜੀ, ਭਾਈ ਕਸ਼ਮੀਰ ਸਿੰਘ ਜੀ, ਭਾਈ ਸੁਰਿੰਦਰ ਸਿੰਘ ਜੀ, ਭਾਈ ਉਂਕਾਰ ਸਿੰਘ ਜੀ, ਭਾਈ ਵਰਿੰਦਰ ਸਿੰਘ ਜੀ, ਭਾਈ ਜਸਪਾਲ ਸਿੰਘ ਜੀ, ਭਾਈ ਜਸਵੰਤ ਸਿੰਘ ਜੀ, ਭਾਈ ਦਵਿੰਦਰ ਸਿੰਘ ਜੀ ਗੁਰੂ ਗ੍ਰੰਥ ਸਤਿਕਾਰ ਕਮੇਟੀ ਹਾਜ਼ਰ ਸਨ।



# ਪਿੰਡਾਂ ਦੇ ਸਰਪੰਚਾਂ ਵਲੋ ਵੀ ਮਨਰੇਗਾ ਮੁਲਾਜਮਾਂ ਦਿਆਂ ਸੇਵਾਵਾਂ ਰੈਗੂਲਰ ਕਰਨ ਲਈ ਸਰਕਾਰ ਤੋਂ ਮੰਗ ਕਿਤੀ

**ਹਾਜੀਪੁਰ (ਜਸਵੀਰ ਸਿੰਘ ਪੁਰੇਵਾਲ)** ਪੰਚਾਇਤ ਵਿਭਾਗ ਦੇ ਨਰੇਗਾ ਮੁਲਾਜ਼ਮਾਂ ਨੂੰ ਅਣਮਿੱਥੇ ਸਮੇਂ ਲਈ ਹੜ੍ਹਤਾਲ ਤੇ ਜਾਣ ਕਾਰਨ ਪਿੰਡਾਂ ਵਿੱਚ ਵਿਕਾਸ ਦਾ ਕੰਮ ਬਿਲਕੁਲ ਹੀ ਠੱਪ ਹੋ ਗਿਆ ਹੈ। ਮਨਰੇਗਾ ਮਜ਼ਦੂਰਾਂ ਨੂੰ ਕੰਮ ਨਾ ਮਿਲਣ ਕਾਰਨ ਖਾਣ ਪੀਣ ਦੇ ਲਾਲੇ ਪਏ ਹੋਏ ਹਨ। ਪਿਛਲੀ 9 ਜੁਲਾਈ ਤੋਂ ਮਨਰੇਗਾ ਮੁਲਾਜ਼ਮਾਂ ਦੀ ਹੜਤਾਲ ਜਾਰੀ ਹੈ। ਅੱਗੇ ਕੋਈ ਵੀ ਪਤਾ ਨਹੀਂ ਸਰਕਾਰ ਇਨ੍ਹਾਂ ਦਾ ਹੱਲ ਕਦੋਂ ਕਰੇਗੀ। ਪੰਜਾਬ ਵਿੱਚ 18 ਲੱਖ ਤੋਂ ਵੱਧ ਪਰਿਵਾਰਾਂ ਦੀ ਰੋਜ਼ੀ ਰੋਟੀ ਅਤੇ ਪਰਿਵਾਰ ਦਾ ਗੁਜ਼ਾਰਾ ਇਸ ਤੋਂ ਚੱਲਦਾ ਹੈ। ਮਨਰੇਗਾ ਕਾਮਿਆਂ ਅਤੇ ਡਿਉਟੀ ਕਰ ਰਹੇ ਮੁਲਾਜ਼ਮ ਦੀ ਇਸ ਮੁਸ਼ਕਿਲ ਨੂੰ ਦੇਖਦੇ ਹੋਏ ਹਲਕੇ ਦੇ ਸਰਪੰਚ ਇਕੱਠੇ ਹੋ ਕੇ ਹਲਕਾ ਵਿਧਾਇਕ ਮੈਡਮ ਇੰਦੂਬਾਲਾ ਨੂੰ ਮਿਲੇ ਅਤੇ ਮੰਗ ਕੀਤੀ ਕਿ ਨਰੇਗਾ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕੀਤਾ ਜਾਵੇ। ਅਗਰ ਇਨ੍ਹਾਂ ਦਾ ਜਲਦੀ ਹੱਲ ਨਹੀਂ ਹੋਇਆ ਤਾਂ ਇਲਾਕੇ ਦੇ ਸਰਪੰਚ ਪੰਚ ਮਨਰੇਗਾ ਕਾਮਿਆਂ ਅਤੇ ਕਾਮਿਆਂ ਦੇ ਬੱਚਿਆਂ ਨੂੰ ਹੜਤਾਲ ਵਿੱਚ ਆਉਣ ਲਈ ਮਜਬੂਰ ਹੋਣਾ ਪੈ ਜਾਵੇਗਾ। ਸਰਪੰਚਾਂ ਨਾਲ ਗੱਲਬਾਤ ਕਰਦਿਆਂ ਮੈਡਮ ਇੰਦੂ ਬਾਲਾ ਨੇ ਆਖਿਆ ਕਿ ਪਹਿਲ ਦੇ ਆਧਾਰ ਤੇ ਹਾਈਕਮਾਂਨ ਨਾਲ ਗੱਲ ਕਰਕੇ ਇਸ ਦਾ ਹੱਲ ਕੱਢਾਂਗੇ। ਇਸ ਮੌਕੇ ਤੇ ਬਲਾਕ ਪ੍ਰਧਾਨ ਕਿਸ਼ੋਰ ਕੁਮਾਰ ਕਾਂਗਰਸ ਆਗੂ ਸੁਧੀਰ



ਠਾਕੁਰ ਸਰਪੰਚ ਦਿਲਬਾਗ ਸਿੰਘ ਸਰਪੰਚ ਗੁਰਦੀਪ ਸਿੰਘ ਸਰਪੰਚ ਸ਼ਮਸ਼ੇਰ ਸਿੰਘ ਸਰਪੰਚ ਕੁਲਵਿੰਦਰ ਗੁਰਨਾਮ ਸਿੰਘ ਆਦਿ ਹਾਜਿਰ ਸਨ।

# ਯੂਥ ਪਾਵਰ ਗਰੁੱਪ ਮੁਕੇਰੀਆਂ ਅਤੇ ਗੁਰੂ ਦੀ ਗੋਲਕ ਗਰੀਬ ਦਾ ਮੂੰਹ ਵੈਲਫੇਅਰ ਦੁਆਰਾ ਦੂਸਰਾ ਖੂਨ ਦਾਨ ਕੈਂਪ ਲਗਾਇਆ ਗਿਆ

**ਹਾਜੀਪੁਰ (ਜਸਵੀਰ ਸਿੰਘ ਪੁਰੇਵਾਲ)** ਯੂਥ ਪਾਵਰ ਗਰੁੱਪ ਮੁਕੇਰੀਆਂ ਅਤੇ ਗੁਰੂ ਦੀ ਗੋਲਕ ਗਰੀਬ ਦਾ ਮੂੰਹ ਵੈਲਫੇਅਰ ਸੁਸਾਇਟੀ ਵਲੋਂ ਦੂਸਰਾ ਖੂਨ ਦਾਨ ਕੈਂਪ ਰਾਏਗੜ੍ਹ ਬਰਨਾਲਾ ਪਿੰਡ ਸੈਦੋਵਾਲ ਵਿੱਚ ਲਗਾਇਆ ਗਿਆ। ਇਸ ਖੂਨਦਾਨ ਕੈਂਪ ਵਿੱਚ 67 ਜੂਨਿਟ ਬੱਲਡ ਇਕੱਠਾ ਕੀਤਾ ਗਿਆ। ਇਸ ਕੈਂਪ ਵਿੱਚ ਬੱਲਡ ਡੋਨਰਾ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਯੂਥ ਪਾਵਰ ਗਰੁੱਪ ਮੁਕੇਰੀਆਂ ਦਾ ਕਹਿਣਾ ਹੈ ਕਿ ਹਰ ਗਲੀ ਮੁੱਹਲੇ ਵਿੱਚ ਸੇਵਾਦਾਰ ਹੋਣਾ ਜਰੂਰੀ ਹੈ। ਇਸ ਕੈਂਪ ਵਿੱਚ ਨੌਜਵਾਨਾਂ ਵੱਲੋਂ ਬਹੁਤ ਜ਼ਿਆਦਾ ਉਤਸਾਹ ਨਾਲ ਹਿੱਸਾ ਲਿਆ ਗਿਆ। ਸੁਸਾਇਟੀ ਮੈਬਰਾਂ ਨੇ ਕਿਹਾ ਕਿ ਇਸ ਮਹਾਮਾਰੀ ਦੇ ਸਮੇਂ ਹਰ ਤੰਦਰੁਸਤ ਵਿਅਕਤੀ ਨੂੰ ਖੂਨਦਾਨ ਕਰਨਾ ਚਾਹੀਦਾ ਹੈ ਤਾਂ ਜੋ ਬੱਲਡ ਬੈਂਕਾ ਵਿੱਚ ਚੱਲ ਰਹੀ ਕਮੀ ਨੂੰ ਦੂਰ ਕੀਤਾ ਜਾ ਸਕੇ। ਇਸ ਮੌਕੇ ਤੇ ਆਏ ਹੋਏ ਸਾਰੇ ਡੋਨਰਾ ਦਾ ਯੂਥ ਪਾਵਰ ਗਰੁੱਪ ਦੀ ਟੀਮ ਮੁਕੇਰੀਆਂ ਅਤੇ ਗੁਰੂ ਦੀ ਗੋਲਕ ਗਰੀਬ ਦਾ ਮੂੰਹ ਵੈਲਫੇਅਰ ਸੁਸਾਇਟੀ ਵਲੋਂ ਬਹੁਤ ਬਹੁਤ ਧੰਨਵਾਦ ਕੀਤਾ।



# ਧਾਰਮਿਕ ਪ੍ਰੀਖਿਆ ਚੋਂ ਅੱਵਲ ਰਹਿਣ ਵਾਲੀਆਂ ਲੜਕੀਆਂ ਨੂੰ ਕੀਤਾ ਸਨਮਾਨਿਤ

**ਗੜ੍ਹਦੀਵਾਲਾ (ਜਸਵੀਰ ਸਿੰਘ ਪੁਰੇਵਾਲ)** ਗੁਰਦੁਆਰਾ ਸਿੰਘ ਸਭਾ ਥੇਂਦਾ ਵਲੋਂ ਉੱਤਰੀ ਭਾਰਤ ਚੋਂ ਧਾਰਮਿਕ ਪ੍ਰੀਖਿਆਂ ਵਿੱਚੋਂ ਪਹਿਲਾ ਸਥਾਨ ਹਾਸਲ ਕਰਨ ਵਾਲੀ ਪਿੰਡ ਥੇਂਦਾ ਦੀ ਵਸਨੀਕ ਗੁਰਨੂਪ ਕੌਰ ਪੁੱਤਰੀ ਮਨਦੀਪ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵਲੋਂ ਕਰਵਾਏ ਆਨਲਾਈਨ ਕੁਇਜ਼ ਮੁਕਾਬਲੇ ਵਿੱਚ ਜਿਲੇ ਚੋਂ ਪਹਿਲਾਂ ਸਥਾਨ ਪ੍ਰਾਪਤ ਕਰਨ ਵਾਲੀਆਂ ਤਿੰਨ ਲੜਕੀਆਂ ਸਿਮਰਨਪ੍ਰੀਤ ਕੌਰ, ਸਿਮਰਦੀਪ ਕੌਰ ਅਤੇ ਰਾਜਵੀਰ ਕੌਰ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬਲਰਾਜ ਸਿੰਘ ਕਾਲਕੱਟ ਯੂ ਐਸ ਏ ਵਲੋਂ ਇੰਨਾਂ ਬੱਚੀਆਂ ਨੂੰ ਮਾਇਕ ਸਹਾਇਤਾ ਵੀ ਦਿੱਤੀ ਗਈ। ਇਸ ਮੌਕੇ ਸੁਰਜੀਤ ਸਿੰਘ ਸਮਰਾ ਪ੍ਰਧਾਨ ਗੁਰੂਦੁਆਰਾ ਸਿੰਘ ਸਭਾ ਥੇਂਦਾ, ਲਵਰਾਜ ਸਿੰਘ ਕਾਲਕੱਟ, ਪ੍ਰਿੰ ਜਗਜੀਤ ਸਿੰਘ ਰੀਹਲ, ਹਰਵਿੰਦਰ ਸਿੰਘ ਸਮਰਾ, ਮਨਦੀਪ ਸਿੰਘ, ਹਰਦਿਆਲ ਸਿੰਘ, ਮਨਜੀਤ ਸਿੰਘ ਕਾਲਕੱਟ, ਸੁਖਵਿੰਦਰ ਸਿੰਘ ਲਾਡੀ, ਹਰਭਜਨ ਸਿੰਘ, ਗੁਰਨਾਮ ਸਿੰਘ, ਮਨਜਿੰਦਰ ਸਿੰਘ, ਬੀਬੀ ਬਲਜੀਤ ਕੌਰ, ਬੀਬੀ ਸੁਰਿੰ-ਦਰ ਕੌਰ, ਹਰਦੀਪ ਸਿੰਘ, ਨੰਬਰਦਾਰ ਪਰਮਿੰਦਰ ਸਿੰਘ ਹਾਜਰ ਸਨ।



# ਕਾਂਗਰਸ ਦੀ ਲੁੱਟ ਦਾ ਜਵਾਬ 2022 ਦੀਆਂ ਚੋਣਾਂ ਵਿੱਚ ਦੇਣਗੇ ਲੋਕ – ਵਰਦੇਵ ਮਾਨ

**ਫਿਰੋਜਪੁਰ (ਅਸ਼ੋਕ ਭਾਰਦਵਾਜ)** ਗੁਰੂਹਰਸਹਾਏ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਸੇਵਾਦਾਰ ਅਤੇ ਜਿਲ੍ਹਾ ਪ੍ਰਧਾਨ ਵਰਦੇਵ ਸਿੰਘ ਮਾਨ ਵੱਲੋਂ "ਮੇਰਾ ਹਲਕਾ ਮੇਰਾ ਪਰਿਵਾਰ" ਮੁਹਿੰਮ ਤਹਿਤ ਹਲਕੇ ਦੇ ਪਿੰਡਾਂ ਦਾ ਦੌਰਾ ਕੀਤਾ ਜਾ ਰਿਹਾ ਹੈ, ਜਿਸ ਦੇ ਚਲਦੇ ਵਰਦੇਵ ਸਿੰਘ ਮਾਨ ਨੇ ਬਸਤੀ ਜੁਆਏ ਸਿੰਘ ਵਾਲਾ ਵਿਖੇ ਵਰਕਰਾਂ ਨਾਲ ਮੀਟਿੰਗ ਤੇ ਓਹਨਾ ਨੂੰ ਪਾਰਟੀ ਦੀਆ ਗਤੀਵਿਧੀਆਂ ਬਾਰੇ ਜਾਣੂ ਕਰਵਾਇਆ ਅਤੇ ਓਹਨਾ ਦੇ ਦੁੱਖ ਤਕਲੀਫ਼ਾਂ ਨੂੰ ਸੁਣਿਆ ਵਰਦੇਵ ਸਿੰਘ ਮਾਨ ਨੇ ਦੱਸਿਆ ਕਿ ਜਿਸ ਤਰ੍ਹਾਂ ਹਲਕੇ ਅੰਦਰ ਕਾਂਗਰਸੀਆਂ ਵੱਲੋਂ ਲੋਕਾਂ ਨੂੰ ਲੁਟਿਆ ਅਤੇ ਕੁਟਿਆ ਗਿਆ ਹੈ ! ਜਿਸਦਾ ਹਿਸਾਬ ਹਲਕਾ ਵਾਸੀ 2022 ਚ ਲੈਣਗੇ ਓਹਨਾ ਦੱਸਿਆ ਕਿ ਖੇਡ ਮੰਤਰੀ ਰਾਣਾ ਸੋਢੀ ਅਤੇ ਉਸਦੇ ਪਰਿਵਾਰ ਨੇ ਗਰੀਬ ਲੋਕਾਂ ਨਾਲ ਜੋ ਧੱਕੇ ਕੀਤੇ ਹਨ ਉਹਨਾਂ ਦਾ ਜਵਾਬ ਲੋਕ ਇਹਨਾਂ ਤੋਂ ਸਹੀ ਸਮਾਂ ਆਉਣ ਤੇ ਜਰੂਰ ਲੈਣਗੇ ਤੇ ਅਕਾਲੀ ਸਰਕਾਰ ਆਉਣ ਤੇ ਇਨਸਾਫ ਕੀਤਾ ਜਾਵੇਗਾ! ਇਸ ਸਮੇ ਜਸਪ੍ਰੀਤ ਮਾਨ ਪ੍ਰਧਾਨ ਆਈ ਟੀ ਵਿੰਗ, ਗੁਰਵਿੰਦਰ ਗਿੱਲ , ਹੋਸ਼ਿਆਰ ਸਿੰਘ ਸਾਬਕਾ ਸਰਪੰਚ, ਸਿਕੰਦਰ ਸਿੰਘ, ਬਗੀਚਾ ਸਿੰਘ, ਜਰਨੈਲ ਸਿੰਘ,



ਜਗਜੀਤ ਸਿੰਘ ਸਰੂਪੇ ਵਾਲਾ, ਜਸਵੰਤ ਸਿੰਘ, ਵਿਜੇ ਸਰਪੰਚ ਮੋਹਨ ਕੇ ਆਦਿ ਹਾਜਰ ਸਨ।

# ਵੱਖ ਵੱਖ ਨਸ਼ੀਲੇ ਪਦਾਰਥਾਂ ਦੀ ਬਰਾਮਦੀ ਕਰਕੇ ਫਿਰੋਜਪੁਰ ਪੁਲਿਸ ਵਲੋਂ 15 ਮੁਕਦਮੇ ਕੀਤੇ ਗਏ ਦਰਜ

**ਫਿਰੋਜਪੁਰ (ਅਸ਼ੋਕ ਭਾਰਦਵਾਜ)** ਮਾਨਯੋਗ ਡਾਇਰੈਕਟਰ ਜ਼ਨਰਲ ਪੁਲਿਸ, ਪੰਜਾਬ ਅਤੇ ਇੰਸਪੈਕਟਰ ਜਨਰਲ ਪੁਲਿਸ, ਫਿਰੋਜਪੁਰ ਰੇਜ਼, ਫਿਰੋਜ਼ਪੁਰ ਕੈਂਟ ਜੀ ਵੱਲੋ ਜ਼ਾਰੀ ਹੁਕਮਾਂ ਮੁਤਾਬਿਕ ਡਰੱਗ ਸਮਗਲਰਾਂ, ਡਰੱਗ ਤਸਕਰਾਂ ਅਤੇ ਮਾੜੇ ਅਨਸਰਾਂ ਖਿਲਾਫ ਵਿੱਢੀ ਗਈ ਮੁਹਿੰਮ ਤਹਿਤ ਸ਼ਰੀ ਭਾਗੀਰਥ ਸਿੰਘ ਮੀਨਾ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਿਸ ਫਿਰੋਜਪੁਰ ਜੀ ਵੱਲੋ ਦਿੱਤੇ ਗਏ ਦਿਸ਼ਾ ਨਿਰਦੇਸ਼ਾ ਦੀ ਪਾਲਣਾ ਕਰਦੇ ਹੋਏ



ਸਮੂਹ ਐਸ.ਪੀਜ਼ ਅਤੇ ਡੀ.ਐਸ.ਪੀਜ਼ ਜਿਲ੍ਹਾ ਫਿਰੋਜ਼ਪੁਰ ਦੀ ਜੇਰੇ ਨਿਗਰਾਨੀ ਰੇਡ ਕਰਵਾਏ ਗਏ, ਇਹਨਾਂ ਰੇਡਾਂ ਦੌਰਾਨ ਜਿਲ੍ਹਾ ਫਿਰੋਜ਼ਪੁਰ ਦੇ ਵੱਖ-ਵੱਖ ਥਾਣਿਆਂ ਵਿੱਚ ਸਾਢੇ 92 ਗ੍ਰਾਮ ਹੈਰੋਇਨ,3 ਮੋਟਰਸਾਇਕਲ,290 ਨਸ਼ੀਲੀਆਂ ਗੋਲੀਆਂ,81400 ਡਰੱਗ ਮਨੀ ਤੇ 130 ਲੀਟਰ ਨਜਾਇਜ ਸ਼ਰਾਬ ਬਰਾਮਦ ਕਰਕੇ ਕੁੱਲ 15 ਮੁਕੱਦਮੇ ਦਰਜ ਰਜ਼ਿਸਟਰ ਕੀਤੇ ਗਏ। ਨਸ਼ਿਆ ਵਿਰੁੱਧ ਇਹ ਮੁਹਿੰਮ ਅੱਗੇ ਵੀ ਲਗਾਤਾਰ ਜ਼ਾਰੀ ਰਹੇਗੀ।

# ਪੰਜਾਬ ਸਰਕਾਰ ਦੀਆਂ ਮਾਰੂ ਨੀਤੀਆਂ ਵਿਰੁੱਧ ਡਾਕਟਰਾਂ ਵੱਲੋ ਸਿਵਲ ਸਰਜਨ ਦਫਤਰ ਦਾ ਘਿਰਾਓ ਕੀਤਾ ਗਿਆ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਪੰਜਾਬ ਸਰਕਾਰ ਦੀਆਂ ਡਾਕਟਰਾਂ ਦੇ ਪ੍ਰਤੀ ਮਾਰੂ ਨੀਤੀਆਂ ਦੇ ਵਿਰੁੱਧ ਪੀ.ਸੀ. ਐੱਮ. ਐੱਸ. ਏ (ਪੰਜਾਬ) ਦੇ ਮੁੱਦੇ ਤੇ ਸਮੂਹ ਫਿਰੋਜ਼ਪੁਰ ਦੇ ਡਾਕਟਰਾਂ ਵੱਲੋ ਸਿਵਲ ਸਰਜਨ ਦਫਤਰ ਦਾ ਘਿਰਾਓ ਕੀਤਾ ਗਿਆ ਅਤੇ ਦਫਤਰ ਨੂੰ ਤਾਲਾ ਲਗਾ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਤੇ ਡਾਕਟਰਾਂ ਨੇ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਆਉਣ ਵਾਲੇ ਦਿਨਾਂ ਵਿਚ ਸਾਡੀਆਂ ਮੰਗਾਂ ਨਾ ਮੰਨਣ ਦੀ ਹਾਲਤ ਵਿੱਚ ਡੀ. ਐੱਚ. ਐੱਸ, ਸੀ.ਐੱਚ. ਡੀ ਨੂੰ ਤਾਲਾ ਲਗਾਇਆ ਜਾਵੇਗਾ। ਇਸ ਮੌਕੇ ਜਿਲ੍ਹਾ ਪ੍ਰਧਾਨ ਡਾ. ਜਤਿੰਦਰ ਕੌਛੜ, ਜਨਰਲ ਸਕੱਤਰ ਡਾ. ਡੇਵਿਡ , ਡਾ. ਗੁਰਮੇਜ ਰਾਮ ਡਾ.ਮੀਨਾਕੁਮਾਰੀ, ਡਾ. ਸੁਸ਼ਮਾ, ਡਾ. ਸਤਿੰਦਰ, ਡਾ. ਪੰਕਜ ਗੁਪਤਾ, ਡਾ. ਰਾਜਨ, ਡਾ.ਰਚਨਾ, ਡਾ. ਹਿਮਾਨੀ, ਡਾ. ਰਿਚਾ;ਡਾ. ਨਵੀਨ ਸੇਠੀ ਤੋ ਇਲਾਵਾ ਪੈਰਾਮੈਡੀਕਲ ਦੇ ਪ੍ਰਧਾਨ ਰਾਮ ਪ੍ਰਸ਼ਾਦ, ਨਰਿੰਦਰ ਸ਼ਰਮਾ ਆਦਿ ਹਾਜ਼ਰ ਸਨ।



# ਸਿਵਿਲ ਸ਼ੈਸ਼ਨ ਜੱਜ ਵਲੋਂ ਬਿਰਧ ਆਸ਼ਰਮ ਦਾ ਕੀਤਾ ਗਿਆ ਦੋਰਾ !

**ਫਿਰੋਜਪੁਰ (ਅਸ਼ੋਕ ਭਾਰਦਵਾਜ)** ਸਿਵਿਲ ਸ਼ੈਸ਼ਨ ਜੱਜ ਏਕਤਾ ਉੱਪਲ ਵਲੋਂ ਰਾਮ ਬਾਗ਼ ਫਿਰੋਜਪੁਰ ਛਾਉਣੀ ਦਾ ਦੋਰਾ ਕੀਤਾ ਗਿਆ ! ਇਸ ਮੋਕੇ ਤੇ ਮੈਡਮ ਏਕਤਾ ਉੱਪਲ ਵਲੋਂ ਬਿਰਧ ਆਸ਼ਰਮ ਵਿੱਚ ਰਹਿੰਦੇ ਬਜੁਰਗਾਂ ਨੂੰ ਫਰੂਟ,ਬਿਸਕੁਟ ਤੇ ਰਸ ਵੰਡੇ ਤੇ ਉਹਨਾਂ ਦੀ ਲੰਬੀ ਉਮਰ ਲਈ ਕਾਮਨਾ ਕੀਤੀ ! ਇਸ ਸਮੇ ਤੇ ਆਸ਼ਰਮ ਦੇ ਚੇਅਰਮੈਨ ਹਰੀਸ਼ ਗੋਇਲ ਵਿਸ਼ੇਸ਼ ਤੋਰ ਤੇ ਮੋਜੂਦ ਸੀ ਮੈਡਮ ਏਕਤਾ ਉੱਪਲ ਵਲੋਂ ਬਜੁਰਗਾਂ ਦੀ ਚੰਗੀ ਸਿਹਤ ਲਈ ਸਿਵਿਲ ਸਰਜਨ ਨੂੰ ਆਦੇਸ਼ ਦਿੱਤੇ ਗਏ ਕੇ ਉਹ 15 ਦਿਨ ਵਿੱਚ ਇੱਕ ਵਾਰ ਡਾਕਟਰੀ ਟੀਮ ਨੂੰ ਇਥੇ ਭੇਜਣ ਤਾਂ ਕੇ ਕਿਸੇ ਵੀ ਬਜੁਰਗ ਨੂੰ ਸਿਹਤ ਪ੍ਰਤੀ ਕੋਈ ਵੀ ਪ੍ਰੇਸ਼ਾਨੀ ਨਾ ਆਵੇ !



# ਕੇਜਰੀਵਾਲ ਵਲੋਂ ਦਿੱਲੀ ਵਿੱਚ ਕੀਤੇ ਜਾ ਰਹੇ ਵਿਕਾਸ ਕਾਰਜਾਂ ਨੂੰ ਘਰ ਘਰ ਪਹੁੰਚਾਉਣ ਦੀ ਮੁਹਿੰਮ ਲਗਾਤਾਰ ਜਾਰੀ ਹੈ – ਆਸ਼ੂ ਬਾਂਗੜ

**ਫਿਰੋਜਪੁਰ (ਅਸ਼ੋਕ ਭਾਰਦਵਾਜ)** ਅਮਰਦੀਪ ਸਿੰਘ ਆਸ਼ੂ ਬੰਗੜ ਵਾਇਸ ਪ੍ਰਧਾਨ ਐਸ ਸੀ ਵਿੰਗ ਆਪ ਪਾਰਟੀ ਹਲਕਾ ਫਿਰੋਜਪੁਰ ਦਿਹਾਤੀ ਵਲੋਂ ਚੋਣ ਸਰਗਰਮੀਆਂ ਲਗਤਾਰ ਜਾਰੀ ਨੇ ਇਸ ਦੇ ਸਬੰਧ ਵਿੱਚ ਹਲਕਾ ਦਿਹਾਤੀ ਦੇ ਪਿੰਡਾਂ ਦੇ ਤੂਫ਼ਾਨੀ ਦੋਰੇ ਕਰ ਕੇ ਅਰਵਿੰਦ ਕੇਜਰੀਵਾਲ ਜੀ ਦੀ ਪਹਿਲੀ ਗਰੰਟੀ ਅਤੇ ਦਿੱਲੀ ਵਿੱਚ ਕੀਤੇ ਜਾ ਰਹੇ ਵਿਕਾਸ ਦੇ ਕੰਮਾਂ ਨੂੰ ਹਲਕਾ ਫਿਰੋਜਪੁਰ ਦਿਹਾਤੀ ਦੇ ਪਿੰਡ-ਪਿੰਡ ਘਰ-ਘਰ ਤੱਕ ਪਹੁੰਚਾਇਆ ਜਾ ਰਿਹਾ ਹੈ ! ਇਸ ਤਹਿਤ ਪਿੰਡ ਸਦਰਦੀਨ ਵਾਲਾ ਦੇ ਮਲਕੀਤ ਸਿੰਘ ਦੇ ਗ੍ਰਹਿ ਵਿਖੇ ਮੀਟਿੰਗ ਕਰਕੇ ਕੇਜਰੀਵਾਲ ਜੀ ਦੀ ਬਿਜਲ਼ੀ ਗਰੰਟੀ ਅਤੇ ਦਿੱਲੀ ਸਰਕਾਰ ਵਲੋਂ ਦਿੱਲੀ ਵਿੱਚ ਕੀਤੇ (ਬਿਜਲੀ ,ਪਾਣੀ ,ਸਕੂਲ ,ਹਸਪਤਾਲ ) ਵਰਗੇ ਕੰਮਾਂ ਬਾਰੇ ਦੱਸਿਆ ਗਿਆ ਅਤੇ ਵਾਅਦਾ ਕੀਤਾ ਕਿ ਪੰਜਾਬ ਵਿੱਚ ਵੀ ਆਪ ਦੀ ਸਰਕਾਰ ਬਣਨ ਤੇ ਦਿੱਲੀ ਵਾਂਗ ਪੰਜਾਬ ਵਿੱਚ ਵੀ ਪੂਰਾ ਵਿਕਾਸ ਕੀਤਾ ਜਾਵੇਗਾ । ਪਿੰਡ ਦੇ ਲੋਕਾਂ ਨੇ ਵੀ ਇਸ ਵਾਰ ਪੰਜਾਬ ਵਿੱਚ ਆਪ ਦੀ ਸਰਕਾਰ ਬਣਾਉਣ ਦਾ ਪੂਰਾ ਮਨ ਬਣਾ ਲਿਆ ਹੈ । ਇਸ ਮੀਟਿੰਗ ਵਿੱਚ ਮਲਕੀਤ ਸਿੰਘ ,ਦਵਿੰਦਰ ਸਿੰਘ ,ਹਰਜੋਤ ਸਿੰਘ ,ਲਖਬੀਰ ਸਿੰਘ ,ਹੈਪੀ ਸਿੰਘ ,ਵਿਸ਼ਾਲ ਸਿੰਘ ,ਮਲਕੀਤ ਸਿੰਘ ਧੀਰਾ ਪੱਤਰਾ ਅਤੇ ਅਮਨਦੀਪ ਸਿੰਘ ਧਾਲੀਵਾਲ (ਨਿੱਜੀ ਸਕੱਤਰ )ਤੋ ਇਲਾਵਾ ਹੋਰ ਵਰਕਰ ਹਾਜ਼ਰ ਸਨ।





# ਨੌਜਵਾਨਾਂ ਨੇ ਇਕ ਵਿਆਹੁਤਾ ’ਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕੀਤਾ ਅਤੇ ਫੇਰ ਜ਼ਹਿਰੀਲੀਆਂ ਗੋਲੀਆਂ ਖਵਾ ਕੇ ਮਾਰਨ ਦੀ ਕੀਤੀ ਕੋਸ਼ਿਸ਼


**ਚੰਡੀਗੜ (ਦੀਪਕ ਸਰਮਾ)** 5 ਨੌਜਵਾਨਾਂ ਨੇ ਇਕ ਵਿਆਹੁਤਾ ’ਤੇ ਪਹਿਲਾਂ ਤੇਜ਼ਧਾਰ ਹਥਿਆਰ ਨਾਲ ਹਮਲਾ ਕੀਤਾ ਅਤੇ ਫਿਰ ਜ਼ਹਿਰੀਲੀਆਂ ਗੋਲੀਆਂ ਖਵਾ ਕੇ ਉਸਨੂੰ ਮਾਰਨ ਦੀ ਕੋਸ਼ਿਸ਼ ਕੀਤੀ। ਵਿਆਹੁਤਾ ਦੀਆਂ ਦੋਵਾਂ ਬਾਹਾਂ ’ਤੇ ਕਿਸੇ ਤੇਜ਼ਧਾਰ ਹਥਿਆਰ ਨਾਲ 12 ਤੋਂ ਵੱਧ ਕੱਟ ਲੱਗੇ ਹੋਏ ਹਨ। ਜ਼ਖਮੀਂ ਹਾਲਤ ਵਿਚ ਕੁੜੀ ਨੂੰ ਸਿਵਲ ਹਸਪਤਾਲ ਡੇਰਾਬੱਸੀ ਵਿਖੇ ਦਾਖਲ ਕਰਵਾਇਆ ਗਿਆ ਹੈ, ਜਿੱਥੇ ਉਸਦੀ ਹਾਲਤ ਵਿਗੜਦੀ ਦੇਖ ਕੇ ਉਸ ਨੂੰ ਜੀ. ਐੱਮ. ਸੀ. ਐੱਚ.-32 ਰੈਫਰ ਕਰ ਦਿੱਤਾ ਗਿਆ। ਸ਼ਿਕਾਇਤ ਮਿਲਣ ’ਤੇ ਪੁਲਸ ਨੇ ਛਾਣਬੀਣ ਸ਼ੁਰੂ ਕਰ ਦਿੱਤੀ ਹੈ। ਹਸਪਤਾਲ ਵਿਚ ਦਾਖਲ ਗੁਲਮੋਹਰ ਸਿਟੀ ਐਕਸਟੈਂਸ਼ਨ ਨਿਵਾਸੀ ਵਿਆਹੁਤਾ ਰਵੀਨਾ (30) ਦੇ ਭਰਾ ਰਾਹੁਲ ਸ਼ਰਮਾ ਨੇ ਦੱਸਿਆ ਕਿ ਅਕਤੂਬਰ, 2020 ਵਿਚ ਗੁਰੂਗ੍ਰਾਮ ਦੇ ਨਿਵਾਸੀ ਮਨੀਸ਼ ਪੁਰੀ ਨਾਲ ਉਨਾਂ ਦੀ ਭੈਣ ਦਾ ਵਿਆਹ ਹੋਇਆ ਸੀ। ਦੋਵਾਂ ਦਾ ਇਹ ਦੂਜਾ ਵਿਆਹ ਸੀ। ਉਸਦੀ ਭੈਣ ਕੋਲ 3 ਸਾਲ ਦੀ ਬੱਚੀ ਹੈ। ਰਾਹੁਲ ਨੇ ਦੋਸ਼ ਲਾਇਆ ਕਿ ਵਿਆਹ ਤੋਂ ਕੁਝ ਦਿਨ ਬਾਅਦ ਸਹੁਰਾ ਪਰਿਵਾਰ ਉਨਾਂ ਦੀ ਭੈਣ ਨੂੰ ਪ੍ਰੇਸ਼ਾਨ ਕਰਨ ਲੱਗ ਪਿਆ ਅਤੇ ਉਨਾਂ ਨੂੰ ਬੱਚੀ ਸਮੇਤ ਘਰੋਂ ਕੱਢ ਦਿੱਤਾ। ਮੁਬਾਰਕਪੁਰ ਪੁਲਸ ਚੌਕੀ ਅਤੇ ਵੂਮੈਨ ਸੈੱਲ ਵਿਚ ਸ਼ਿਕਾਇਤ ਦਰਜ ਕਰਵਾਈ। ਮੁਬਾਰਕਪੁਰ ਪੁਲਸ ਨੇ ਉਨਾਂ ਦੀ ਸ਼ਿਕਾਇਤ ’ਤੇ ਸਹੁਰਾ ਪਰਿਵਾਰ ’ਤੇ ਕੇਸ ਦਰਜ ਕੀਤਾ। ਰਾਹੁਲ ਨੇ ਦੋਸ਼ ਲਾਇਆ ਕਿ ਮੁਬਾਰਕਪੁਰ ਪੁਲਸ ਚੌਕੀ ਦੇ ਇੰਚਾਰਜ ਮਾਮਲਾ ਰਫ਼ਾ-ਦਫ਼ਾ ਕਰਨ ਲਈ ਉਨਾਂ ’ਤੇ ਦਬਾਅ ਬਣਾਉਣ ਲੱਗੇ। ਕੁਝ ਗੈਂਗਸਟਰਾਂ ਦੀਆਂ ਤਸਵੀਰਾਂ ਦਿਖਾ ਕੇ ਉਨਾਂ ਨੂੰ ਡਰਾਇਆ ਗਿਆ। ਰਾਹੁਲ ਨੇ ਦੱਸਿਆ ਕਿ ਬੀਤੀ ਰਾਤ ਉਨਾਂ ਦੀ ਭੈਣ ਐਕਟਿਵਾ ’ਤੇ ਡੇਰਾਬੱਸੀ ਤੋਂ ਘਰ ਆ ਰਹੀ ਸੀ। ਜਦੋਂ ਉਹ ਰੇਲਵੇ ਫਲਾਈਓਵਰ ਕੋਲ ਪਹੁੰਚੀ ਤਾਂ ਪਿੱਛੋਂ ਕਿਸੇ ਨੇ ਆਵਾਜ਼ ਮਾਰ ਕੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਹ ਨਹੀਂ ਰੁਕੀ ਅਤੇ ਹੈਬਤਪੁਰ ਰੋਡ ’ਤੇ ਪਹੁੰਚੀ ਤਾਂ ਇਕ ਕਾਰ ਅਤੇ ਮੋਟਰਸਾਈਕਲ ’ਤੇ ਸਵਾਰ 4-5 ਨੌਜਵਾਨਾਂ ਨੇ ਉਸ ਨੂੰ ਘੇਰ ਕੇ ਉਸ ’ਤੇ ਹਮਲਾ ਕਰ ਦਿੱਤਾ। ਤੇਜ਼ਧਾਰ ਹਥਿਆਰ ਨਾਲ ਉਨਾਂ ਨੇ ਭੈਣ ਦੀਆਂ ਬਾਹਾਂ ’ਤੇ ਕਈ ਕੱਟ ਮਾਰੇ। ਜ਼ਬਰਦਸਤੀ ਉਸ ਨੂੰ ਫਿਨਾਈਲ ਦੇ ਕੇ ਮਾਰਨ ਦੀ ਕੋਸ਼ਿਸ਼ ਕੀਤੀ ਗਈ। 8-10 ਫਿਨਾਈਲ ਦੀਆਂ ਗੋਲੀਆਂ ਖਵਾ ਕੇ ਉਹ ਉੱਥੋਂ ਫਰਾਰ ਹੋ ਗਏ। ਰਾਹੁਲ ਨੇ ਦੋਸ਼ ਲਾਇਆ ਕਿ ਪੁਲਸ ਕੰਟਰੋਲ ਰੂਮ ’ਤੇ ਘਟਨਾ ਦੀ ਜਾਣਕਾਰੀ ਦਿੱਤੀ, ਜਿਸ ਦੇ ਇਕ ਘੰਟੇ ਬਾਅਦ ਪੁਲਸ ਹਸਪਤਾਲ ਪਹੁੰਚੀ ਪਰ ਕੋਈ ਕਾਰਵਾਈ ਨਹੀਂ ਕੀਤੀ ਗਈ। ਉਧਰ ਮੁਬਾਰਕਪੁਰ ਚੌਕੀ ਇੰਚਾਰਜ ਕਮਲ ਤਨੇਜਾ ਨੇ ਕਿਹਾ ਕਿ ਪੁਲਸ ਨੇ ਪਹਿਲੀ ਸ਼ਿਕਾਇਤ ’ਤੇ ਕੇਸ ਦਰਜ ਕਰ ਲਿਆ ਹੈ ਅਤੇ ਪੁਲਸ ਵਿਆਹੁਤਾ ਦੇ ਪਰਿਵਾਰ ਦੀ ਪੂਰੀ ਸਹਾਇਤਾ ਕਰ ਰਹੀ ਹੈ। ਵਿਆਹੁਤਾ ’ਤੇ ਹੋਏ ਹਮਲੇ ਦੇ ਮਾਮਲੇ ਦੀ ਜਾਂਚ ਕਰ ਰਹੇ ਏ. ਐੱਸ. ਆਈ. ਬਲਵੀਰ ਸਿੰਘ ਨੇ ਦੱਸਿਆ ਕਿ ਸ਼ਿਕਾਇਤ ਮਿਲਣ ’ਤੇ ਜ਼ਖਮੀ ਕੁੜੀ ਦੇ ਬਿਆਨ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।


# ਨਗਰ ਬਿਲਗਾ ਵਿਖੇ ਭਾਰਤੀਆਂ ਜਨ ਜਾਗ੍ਰਿਤੀ ਪਾਰਟੀ ਦੇ ਅਹੁਦੇਦਾਰ ਕੀਤੇ ਗਏ ਨਿਯੁਕਤ

**ਬਿਲਗਾ (ਵਿਨੋਦ ਬੱਤਰਾ)** ਨਗਰ ਬਿਲਗਾ ਵਿਖੇ ਭਾਰਤੀ ਜਨ ਜਾਗ੍ਰਿਤੀ ਪਾਰਟੀ ਵਲੋਂ ਇਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਇਸ ਮੀਟਿੰਗ 'ਚ ਮੁਸਲਿਮ ਕਮਿਊਨਿਟੀ ਪੰਜਾਬ ਪ੍ਰਧਾਨ ਮੁਹੰਮਦ ਹਾਫਿਸ ਅਲੀ ਵਿਸ਼ੇਸ਼ ਤੌਰ ਤੇ ਪਹੁੰਚੇ। ਉਨ੍ਹਾਂ ਨੇ ਪਾਰਟੀ 'ਚ ਨਵੇਂ ਬਣੇ ਅਹੁਦੇਦਾਰਾਂ ਨੂੰ ਸਨਮਾਨਿਤ ਕੀਤਾ। ਇਸ ਮੀਟਿੰਗ ਵਿੱਚ ਬੀ ਜੇ ਜੇ ਪੀ ਦੇ ਸੂਬਾ ਜਰਨਲ ਸਕੱਤਰ ਧਰਮਿੰਦਰ ਬਸਰਾ ਤੇ ਮੁਹੰਮਦ ਹਾਫਿਸ ਅਲੀ ਦੀ ਅਗਵਾਈ ਹੇਠ ਗੁਰਦੀਪ ਸਿੰਘ ਸੰਘੇੜਾ ਨੂੰ ਪੰਜਾਬ ਮੰਡਲ ਬੀ ਜੇ ਜੇ ਪੀ ਦਾ ਪ੍ਰਧਾਨ, ਮਨਜੀਤ ਸਿੰਘ ਪੰਜਾਬ ਮੰਡਲ ਵਾਇਸ ਪ੍ਰਧਾਨ, ਗੀਤਾ ਬਾਵਾ ਨੂੰ ਕ੍ਰਿਸ਼ਚਨ ਕਮਿਊਨਟੀ ਮਹਿਲਾ ਵਿੰਗ ਪੰਜਾਬ ਪ੍ਰਧਾਨ ਨਿਯੁਕਤ ਕੀਤਾ ਗਿਆ। ਪੰਜਾਬ ਦੇ ਜਨਰਲ ਸਕੱਤਰ ਬਸਰਾ ਨੇ ਪਾਰਟੀ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਤੇ ਪਾਰਟੀ ਦੇ ਮੀਡੀਆ ਸਲਾਹਕਾਰ ਸੰਜੀਵ ਵਰਮਾ, ਸੰਦੀਪ ਕੌਰ, ਆਸ਼ਾ ਰਾਣੀ, ਗੁਰਵਿੰਦਰ ਕੌਰ, ਰਾਜਦੀਪ ਕੌਰ, ਜਿੰਦਰ, ਲੱਖਵਿੰਦਰ ਲਾਡੀ ਆਦਿ ਹਾਜ਼ਰ ਸਨ।



# ਬਾਬਾ ਫ਼ਰੀਦ ਕਾਲਜ ਆਫ ਨਰਸਿੰਗ ਕੋਟਕਪੂਰਾ ਵਿਖੇ ਮਨਾਇਆ ਗਿਆ ‘ਮੇਲਾ ਤੀਆਂ ਦਾ’





**ਕੋਟਕਪੂਰਾ।** ਸਥਾਨਕ ਫਰੀਦਕੋਟ ਸੜਕ ’ਤੇ ਸਥਿੱਤ ਬਾਬਾ ਫ਼ਰੀਦ ਕਾਲਜ ਆਫ ਨਰਸਿੰਗ ਵਿਖੇ ਹਰ ਸਾਲ ਦੀ ਤਰਾਂ ਇਸ ਵਾਰ ਵੀ ‘ਮੇਲਾ ਤੀਆਂ ਦਾ’ ਕਰਵਾਇਆ ਗਿਆ। ਜਿਸ ’ਚ ਮੁੱਖ ਮਹਿਮਾਨ ਵਜੋਂ ਮੈਡਮ ਗਜ਼ਲ ਗਰਗ ਲਾਅ ਅਫਸਰ ਪੰਜਾਬ ਵਕਫ ਬੋਰਡ ਨੇ ਸ਼ਿਰਕਤ ਕੀਤੀ। ਸਮਾਗਮ ਦਾ ਆਯੋਜਨ ਸੰਸਥਾ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਜੀਤ ਸਿੰਘ ਢਿੱਲੋਂ, ਡਿਪਟੀ ਡਾਇਰੈਕਟਰ ਡਾ. ਪ੍ਰੀਤਮ ਸਿੰਘ ਛੌਕਰ, ਪ੍ਰਿੰਸੀਪਲ ਮੈਡਮ ਡਾ. ਗੁਰਜੀਤ ਕੌਰ ਅਤੇ ਵਾਈਸ ਪ੍ਰਿੰਸੀਪਲ ਮੈਡਮ ਮਰਿੰਦਰਪਾਲ ਕੌਰ ਨੇ ਸ਼ਮਾਂ ਰੋਸ਼ਨ ਕਰਕੇ ਕੀਤਾ। ਇਸ ਮੌਕੇ ਕਾਲਜ ਦੀਆਂ ਵਿਦਿਆਰਥਣਾ ਵੱਲੋਂ ਮਹਿੰਦੀ ਮੁਕਾਬਲੇ ਵੀ ਕਰਵਾਏ ਗਏ, ਜਿਸ ’ਚ 13 ਵਿਦਿਆਰਥਣਾ ਨੇ ਹਿੱਸਾ ਲਿਆ, ਜਿਸ ’ਚ ਪਹਿਲਾ ਸਥਾਨ ਹਰਮਨ ਬੀ.ਐਸ.ਸੀ. ਦੂਜਾ ਸਾਲ, ਗੁਰਪ੍ਰੀਤ ਕੌਰ ਬੀ.ਐਸ.ਸੀ. ਤੀਜਾ ਸਾਲ ਨੇ ਦੂਜਾ ਸਥਾਨ ਅਤੇ ਸ਼ਿਲਪਾ ਜੀ.ਐਨ.ਐਮ. ਪਹਿਲਾ ਸਾਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਨਰਸਿੰਗ ਵਿਦਿਆਰਥਣਾ ਵੱਲੋਂ ਪੰਜਾਬੀ ਸੱਭਿਆਚਾਰ ਨਾਲ ਸਬੰਧਤ ਗਿੱਧਾ, ਭੰਗੜਾ ਅਤੇ ਬੋਲੀਆਂ ਵੀ ਪੇਸ਼ ਕੀਤੀਆਂ ਗਈਆਂ। ਇਸ ਮੌਕੇ ਵੱਖ-ਵੱਖ ਮੁਕਾਬਲੇ ਵੀ ਕਰਵਾਏ ਗਏ, ਜਿਸ ’ਚ ਮਿਸ ਤੀਜ ਦਾ ਖਿਤਾਬ ਹਰਮਨ ਬੀ.ਐਸ.ਸੀ. ਤੀਜਾ ਸਾਲ, ਪਹਿਲੀ ਰਨਰਅਪ ਰਿਤੂ ਬੀ.ਐਸ.ਸੀ. ਫਾਈਨਲ ਈਅਰ ਅਤੇ ਜਸਪ੍ਰੀਤ ਕੌਰ ਬੀ.ਐਸ.ਸੀ. ਫਾਈਨਲ ਈਅਰ ਦੂਜੀ ਰਨਰਅਪ ਰਹੀ। ਡਾ. ਮਨਜੀਤ ਸਿੰਘ ਢਿੱਲੋਂ ਨੇ ਆਪਣੇ ਭਾਸ਼ਣ ਦੌਰਾਨ ਵਿਦਿਆਰਥਣਾ ਨੂੰ ਤੀਆਂ ਦੇ ਮੇਲੇ ਦੀਆਂ ਸ਼ੁੱਭਕਾਮਨਾਵਾਂ ਦਿੰਦਿਆਂ ਦੱਸਿਆ ਕਿ ਸੰਸਥਾ ’ਚ ਹਰ ਸਾਲ ਦੀ ਤਰਾਂ ਇਸ ਵਾਰ ਵੀ ਬਹੁਤ ਵਧੀਆ ਤਰੀਕੇ ਨਾਲ ਮੇਲਾ ਤੀਆਂ ਦਾ ਮਨਾਇਆ ਗਿਆ ਅਤੇ ਉਹਨਾਂ ਵਿਦਿਆਰਥਣਾ ਨੂੰ ਆਪਣੇ ਪੰਜਾਬੀ ਸੱਭਿਆਚਾਰ ਨਾਲ ਜੁੜਨ ਲਈ ਵੀ ਪ੍ਰੇਰਿਤ ਕੀਤਾ। ਡਾ. ਪ੍ਰੀਤਮ ਸਿੰਘ ਛੌਕਰ ਨੇ ਮੁੱਖ ਮਹਿਮਾਨ ਵਜੋਂ ਪਹੁੰਚੀਆਂ ਹੋਈਆਂ ਸ਼ਖਸ਼ੀਅਤਾਂ ਨੂੰ ਕਾਲਜ ਦੇ ਸਮਾਗਮ ’ਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ। ਪ੍ਰਿੰਸੀਪਲ ਮੈਡਮ ਡਾ. ਗੁਰਜੀਤ ਕੌਰ ਅਤੇ ਵਾਈਸ ਪ੍ਰਿੰਸੀਪਲ ਮੈਡਮ ਮਰਿੰਦਰਪਾਲ ਕੌਰ ਨੇ ਕਾਲਜ ’ਚ ਪਹਿਲੇ, ਦੂਜੇ ਅਤੇ ਤੀਜੇ ਸਥਾਨ ’ਤੇ ਰਹਿਣ ਵਾਲੀਆਂ ਵਿਦਿਆਰਥਣਾ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਉਪਰੋਕਤ ਤੋਂ ਇਲਾਵਾ ਗੁਰਜਿੰਦਰ ਸਿੰਘ ਸੰਧੂ, ਮੈਡਮ ਤੇਜਵੰਤ ਕੌਰ, ਅਰਸ਼ਦੀਪ ਸਿੰਘ ਢਿੱਲੋਂ, ਗੁਰਿੰਦਰ ਸਿੰਘ ਮਹਿੰਦੀਰੱਤਾ, ਸ਼ੈਫੀ ਚਾਵਲਾ, ਕਮਲਜੀਤ ਸਿੰਘ, ਰਿਸ਼ੀ ਅਰੋੜਾ, ਮੰਗਲ ਸਿੰਘ, ਸ਼ਾਮ ਲਾਲ ਚਾਵਲਾ, ਦਲੇਰ ਸਿੰਘ ਅਤੇ ਕਾਲਜ ਦਾ ਸਮੁੱਚਾ ਸਟਾਫ ਵੀ ਹਾਜਰ ਸੀ।

# ਸਾਰੀਆਂ ਜਮਾਤਾਂ ਲਈ ਸਕੂਲ ਖੁੱਲਣ ਦੇ ਪਹਿਲੇ ਦਿਨ ਉਤਸ਼ਾਹ ਨਾਲ ਪਹੁੰਚੇ ਵਿਦਿਆਰਥੀ



**ਜਲੰਧਰ (ਅੰਮ੍ਰਿਤਪਾਲ ਸਿੰਘ ਸਫ਼ਰੀ)** ਸੂਬਾ ਸਰਕਾਰ ਵੱਲੋਂ ਕੋਰੋਨਾ ਸਥਿਤੀ 'ਚ ਸੁਧਾਰ ਦੇ ਮੱਦੇਨਜ਼ਰ ਸਕੂਲੀ ਵਿਦਿਆਰਥੀਆਂ ਬਾਰੇ ਜਾਰੀ ਹਦਾਇਤਾਂ ਅਨੁਸਾਰ ਸਾਰੀਆਂ ਜਮਾਤਾਂ ਦੇ ਵਿਦਿਆਰਥੀਆਂ ਸਕੂਲਾਂ 'ਚ ਆਏ। ਇਸ ਬਾਰੇ ਜਾਣਕਾਰੀ ਦਿੰਦਿਆਂ ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਹਰਿੰਦਰਪਾਲ ਸਿੰਘ ਅਤੇ ਜਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਰਾਮਪਾਲ ਸਿੰਘ ਨੇ ਦੱਸਿਆ ਕਿ ਤਕਰੀਬਨ ਪੰਜ ਮਹੀਨਿਆਂ ਲਈ ਬੰਦ ਰਹੇ ਸਕੂਲ ਮੁੜ ਤੋਂ ਪੂਰੀ ਤਰ੍ਹਾਂ ਖੁੱਲ ਗਏ ਹਨ। ਸਿੱਖਿਆ ਅਧਿਕਾਰੀਆਂ ਨੇ ਦੱਸਿਆ ਕਿ 2 ਅਗਸਤ ਤੋਂ ਸਾਰੀਆਂ ਜਮਾਤਾਂ ਦੇ ਵਿਦਿਆਰਥੀਆਂ ਨੇ ਸਕੂਲ ਆਉਣਾ ਸ਼ੁਰੂ ਕਰ ਦਿੱਤਾ ਹੈ ਜਦਕਿ ਦਸਵੀਂ ਤੋਂ ਬਾਰਵੀਂ ਤੱਕ ਦੀਆਂ ਸੀਨੀਅਰ ਜਮਾਤਾਂ ਦੇ ਵਿਦਿਆਰਥੀ 26 ਜੁਲਾਈ ਤੋਂ ਹੀ ਸਕੂਲ ਆ ਕੇ ਜਮਾਤ ਕਮਰਿਆਂ 'ਚ ਆਫਲਈਨ ਪੜ੍ਹਾਈ ਕਰ ਰਹੇ ਹਨ। ਸਿੱਖਿਆ ਅਧਿਕਾਰੀਆਂ ਨੇ ਦੱਸਿਆ ਕਿ ਸਮੂਹ ਸਰਕਾਰੀ ਪ੍ਰਾਇਮਰੀ, ਮਿਡਲ,ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਮੁਖੀਆਂ ਵੱਲੋਂ ਵਿਦਿਆਰਥੀਆਂ ਦੀ ਸਕੂਲਾਂ 'ਚ ਆਮਦ ਦੇ ਮੱਦੇਨਜ਼ਰ ਸਾਫ ਸਫਾਈ ਅਤੇ ਕੋਰੋਨਾ ਹਦਾਇਤਾਂ ਦੇ ਪਾਲਣ ਦੇ ਸਮੁੱਚੇ ਪ੍ਰਬੰਧ ਮੁਕੰਮਲ ਕੀਤੇ ਗਏ ਸਨ।

ਕੋਰੋਨਾ ਤੋਂ ਬਚਾਅ ਹਦਾਇਤਾਂ ਅਨੁਸਾਰ ਵਿਦਿਆਰਥੀਆਂ ਦਾ ਤਾਪਮਾਨ ਚੈਕ ਕੀਤਾ ਅਤੇ ਹੱਥ ਸੈਨੇਟਾਈਜ ਕਰਵਾਏ ਗਏ। ਸਕੂਲਾਂ ਵੱਲੋਂ ਜਮਾਤ ਕਮਰਿਆਂ ਦੀ ਸਾਫ ਸਫਾਈ ਕਰਵਾਉਣ ਦੇ ਨਾਲ ਨਾਲ ਵਿਦਿਆਰਥੀਆਂ ਦੀ ਪੜ੍ਹਾਈ ਦੇ ਮੱਦੇਨਜ਼ਰ ਪ੍ਰਾਜੈਕਟਰ,ਐਲ.ਸੀ.ਡੀਜ਼ ਅਤੇ ਐਜੂਸੈਟ ਆਦਿ ਦੀ ਚਾਲੂ ਸਥਿਤੀ ਦੇ ਪ੍ਰਬੰਧ ਵੀ ਮੁਕੰਮਲ ਕੀਤੇ ਗਏ ਸਨ। ਸਿੱਖਿਆ ਅਧਿਕਾਰੀਆਂ ਨੇ ਕਿਹਾ ਕਿ ਪੜ੍ਹਾਈ ਦੇ ਨਾਲ ਨਾਲ ਵਿਦਿਆਰਥੀਆਂ ਦੀ ਸਿਹਤ ਸੰਭਾਲ ਵੀ ਸਕੂਲਾਂ ਦੀ ਪਹਿਲੀ ਤਰਜੀਹ ਰਹੇਗੀ। ਸਕੂਲ ਮੁਖੀਆਂ ਅਤੇ ਅਧਿਆਪਕਾਂ ਨੂੰ ਮਾਪਿਆਂ ਅਤੇ ਸਮਾਜ ਦੇ ਸਹਿਯੋਗ ਨਾਲ ਵਿਦਿਆਰਥੀਆਂ ਨੂੰ ਕੋਰੋਨਾ ਤੋਂ ਬਚਾਅ ਦੀਆਂ ਹਦਾਇਤਾਂ ਦੇ ਪਾਲਣ ਲਈ ਜਾਗਰੂਕ ਕਰਦੇ ਰਹਿਣ ਲਈ ਕਿਹਾ ਗਿਆ ਹੈ। ਸਕੂਲ ਖੁੱਲਣ ਦੇ ਪਹਿਲੇ ਦਿਨ ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋਂ ਚਾਅ ਅਤੇ ਉਤਸ਼ਾਹ ਨਾਲ ਜਮਾਤ ਕਮਰਿਆਂ 'ਚ ਪੜਾਈ ਸ਼ੁਰੂ ਕੀਤੀ ਗਈ। ਰਾਜੀਵ ਜੋਸ਼ੀ ਉਪ ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਅਤੇ ਗੁਰਚਰਨ ਸਿੰਘ ਮੁਲਤਾਨੀ ਉਪ ਜਿਲ੍ਹਾ ਸਿੱਖਿਆ ਐਲੀਮੈਂਟਰੀ ਨੇ ਦੱਸਿਆ ਕਿ ਸਮੂਹ ਸਕੂਲ ਮੁਖੀਆਂ ਅਤੇ ਅਧਿਆਪਕਾਂ ਵੱਲੋਂ ਸਾਰੀਆਂ ਜਮਾਤਾਂ ਦੇ ਵਿਦਿਆਰਥੀਆਂ ਲਈ ਸਕੂਲ ਖੁੱਲਣ ਦੀ ਸੂਚਨਾ ਵਿਦਿਆਰਥੀਆਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਤੱਕ ਪਹਿਲਾਂ ਹੀ ਪਹੁੰਚਾ ਦਿੱਤੀ ਗਈ ਸੀ। ਸਕੂਲ ਖੁੱਲਣ ਨੂੰ ਲੈ ਕੇ ਅਧਿਆਪਕਾਂ, ਵਿਦਿਆਰਥੀਆਂ ਅਤੇ ਵਿਦਿਆਰਥੀਆਂ ਦੇ ਮਾਪਿਆਂ 'ਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਸਿੱਖਿਆ ਅਧਿਕਾਰੀਆਂ ਨੇ ਕਿਹਾ ਕਿ ਪੁਸਤਕਾਂ ਅਤੇ ਸਹਾਇਕ ਪੜ੍ਹਨ ਸਮੱਗਰੀ ਵੀ ਵਿਦਿਆਰਥੀਆਂ ਤੱਕ ਪਹਿਲਾਂ ਹੀ ਪਹੁੰਚਦੀ ਕੀਤੀ ਗਈ ਹੈ। ਸਰਕਾਰੀ ਹਦਾਇਤਾਂ ਅਨੁਸਾਰ ਵਿਦਿਆਰਥੀਆਂ ਨੂੰ ਵਰਦੀਆਂ ਵੀ ਮੁਹੱਈਆ ਕਰਵਾਈਆਂ ਜਾ ਚੁੱਕੀਆਂ ਹਨ। ਸਿੱਖਿਆ ਅਧਿਕਾਰੀਆਂ ਨੇ ਦੱਸਿਆ ਕਿ ਸਕੂਲ ਆ ਰਹੇ ਵਿਦਿਆਰਥੀਆਂ ਨੂੰ ਅਗਸਤ ਮਹੀਨੇ ਦੀ ਪੜ੍ਹਾਈ ਜਮਾਤ ਕਮਰਿਆਂ 'ਚ ਸ਼ੁਰੂ ਕਰਨ ਵਿੱਚ ਕੋਈ ਦਿੱਕਤ ਨਹੀਂ ਆਵੇਗੀ ਕਿਉਂਕਿ ਅਪ੍ਰੈਲ,ਮਈ ਅਤੇ ਜੁਲਾਈ ਮਹੀਨਿਆਂ ਦਾ ਪਾਠਕ੍ਰਮ ਪਹਿਲਾਂ ਹੀ ਆਨਲਾਈਨ ਤਰੀਕੇ ਕਰਵਾ ਕੇ ਵਿਦਿਆਰਥੀਆਂ ਨੂੰ ਪੜ੍ਹਾਈ ਨਾਲ ਜੋੜੀ ਰੱਖਿਆ ਗਿਆ ਹੈ।

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੰਡ ਦੇ ਪ੍ਰਿੰਸੀਪਲ ਭੁਪਿੰਦਰ ਪਾਲ ਸਿੰਘ ਨੇ ਦੱਸਿਆ ਕਿ ਸਕੂਲ ਪਹੁੰਚੇ ਵਿਦਿਆਰਥੀਆਂ ਦਾ ਤਾਪਮਾਨ ਚੈਕ ਕੀਤਾ ਗਿਆ ਅਤੇ ਹੱਥ ਸੈਨੇਟਾਈਜ ਕਰਵਾਏ ਗਏ, ਸਰਕਾਰੀ ਹਾਈ ਸਕੂਲ ਬੁਲੰਦਪੁਰ ਦੀ ਹੈਡਮਿਸਟਰੈਸ ਸਵਿਤਾ ਸੈਣੀ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਗਿੱਲ ਦੇ ਹੈਡਟੀਚਰ ਨਵੀਨ ਸ਼ਰਮਾ ਸਮੇਤ ਬਹੁਤ ਸਾਰੇ ਸਰਕਾਰੀ ਸਕੂਲਾਂ ਦੇ ਮੁਖੀਆਂ ਨੇ ਦੱਸਿਆ ਕਿ ਸਕੂਲ ਖੁੱਲਣ ਦੇ ਪਹਿਲੇ ਦਿਨ ਵਿਦਿਆਰਥੀ ਉਤਸ਼ਾਹ ਨਾਲ ਸਕੂਲਾਂ 'ਚ ਪਹੁੰਚੇ।

# ਪੰਜਾਬ ਦੀ ਕਾਲ ਤੇ ਜਿਲੇ ਭਰ ਦੀਆ ਲੈਬਾਰਟਰੀਆਂ ਰਹੀਆਂ ਬੰਦ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਪੰਜਾਬ ਮੈਡੀਕਲ ਲੈਬ ਟੈਕਨੀਸ਼ੀਅਨ ਅਸੋਸੀਏਸ਼ਨ ਦੇ ਸੱਦੇ ਤੇ ਅੱਜ ਜਿਲਾ ਪ੍ਰਧਾਨ ਮਨੋਜ ਗਰੋਵਰ ਦੀ ਅਗਵਾਹੀ ਵਿੱਚ ਜਿਲੇ ਭਰ ਦੇ ਸਾਰੇ ਲੈਬਾਰਟਰੀ ਟੈਕਨੀਸ਼ੀਅਨਾ ਅਸੋਸੀਏਸ਼ਨ ਨੇ ਆਪਣੀਆਂ ਹੱਕੀ ਮੰਗਾ ਨੂੰ ਲੈ ਕੇ ਮੁਕੰਮਲ ਹੜਤਾਲ ਕਰਕੇ ਰੋਸ਼ ਪ੍ਰਦਰਸ਼ਨ ਕੀਤਾ। ਮੀਡੀਆ ਨੂੰ ਜਾਣਕਾਰੀ ਦਿੰਦਿਆਂ ਜਿਲਾ ਜਨਰਲ ਸਕੱਤਰ ਰਾਕੇਸ਼ ਗਿੱਲ ਨੇ ਕਿਹਾ ਕਿ ਲੈਬਾਰਟਰੀ ਟੈਕਨੀਸ਼ੀਅਨਾ ਦੀ ਮੁੱਖ ਮੰਗਾ ਜਿਵੇ ਕਿ ਲੈਬਾਰਟਰੀਆਂ ਦਾ ਨਿੱਜੀਕਰਨ ਦਾ ਫੈਸਲਾ ਸਰਕਾਰ ਵਾਪਸ ਲਵੇ ਅਤੇ ਮੁਲਾਜਮਾਂ ਦੀ ਘਾਟ ਨੂੰ ਪੂਰਾ ਕਰਕੇ ਲੈਬਾਰਟਰੀਆਂ ਦਾ ਕੰਮ 24 ਘੰਟੇ ਚਲਾਇਆ ਜਾਵੇ, ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣ, ਸਰਕਾਰ ਪੇ ਕਮਿਸ਼ਨ ਦੀ ਰਿਪੋਰਟ ਵਿਚ ਸੋਧ ਕਰਕੇ ਲਾਗੂ ਕਰੇ,ਸੈਂਟਰ ਦੇ ਲਾਗੂ ਕੀਤੇ ਸਕੇਲਾ ਨੂੰ ਰੱਧ ਕੀਤਾ ਜਾਵੇ,ਪਰਖ ਕਾਲ ਸਮਾਂ ਦੋ ਸਾਲ ਕਰਕੇ ਪੂਰੀ ਤਨਖਾਹ ਦਿਤੀ ਜਾਵੇ। 2004 ਤੋਂ ਬਾਅਦ ਭਾਰਤੀ ਹੋਏ ਮੁਲਾਜਮਾਂ ਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ । ਅੱਜ ਦੇ ਰੋਸ਼ ਧਰਨੇ ਵਿਚ ਵੱਖ ਵੱਖ ਜਥੇਬੰਦੀਆਂ ਨੇ ਸ਼ਮੂਲੀਅਤ ਕੀਤੀ। ਵੱਖ ਵੱਖ ਬਿਲਾਰਿਆ ਨੇ ਸੰਬੋਧਨ ਕਰਦਿਆਂ ਕਿਹਾ ਕਿ ਜੇਕਰ ਸਰਕਾਰ ਦਾ ਰਵਈਆ ਮੁਲਾਜਮਾਂ ਪ੍ਰਤੀ ਅੜੀਅਲ ਰਿਹਾ ਤਾਂ ਮਜਬੂਰ ਹੋ ਕੇ ਐਮਰਜੇਂਸੀ ਸੇਵਾਵਾਂ ਵੀ ਬੰਦ ਕੀਤੀਆਂ ਜਾਣ ਗੀਆ। ਜਿਸਦੀ ਦੀ ਨਿਰੋਲ ਜਿੰਮੇਵਾਰੀ ਸਰਕਾਰ ਦੀ ਹੋਵੇ ਗੀ। ਇਸ ਮੌਕੇ ਤੇ ਅਰੁਣ ਸ਼ਰਮਾ, ਸੁਧੀਰ ਅਲਗਜੈਂਡਰ, ਰਜਨੀ ਓਬਰਾਏ, ਅਮਨਦੀਪ ਮਹਿਤਾ,ਰਾਧੇ ਸ਼ਾਮ, ਨੀਨਾ ਚਾਵਲਾ, ਰਸ਼ਮੀ ਸ਼ਰਮਾ,ਆਦਿ ਹਾਜਰ ਸਨ।

